SWITCH INSURANCE
AUTO, HOME & COMMERCIAL
Commercial Vehicle Insurance
Commercial Property Insurance
Commercial General Liability (CGL)
Rental Property
905-965-7474
www.SwitchInsurance.ca
7900 Hurontario St Suite 308, Brampton, ON L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi
B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit **punjabipost.ca/epaper** | Vol 23* Issue 199 | Wednesday, 30 October 2024 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' *Online* ਰੋਜ਼ਾਨਾ ਪੜ੍ਹ ਸਕਦੇ ਹੋ

## ਫੇਅਰਵਿਊ ਵਿੱਚ ਵਾਹਨ ਦੀ ਟੱਕਰ ਨਾਲ 20 ਸਾਲਾ ਲੜਕੀ ਗੰਭੀਰ ਜ਼ਖ਼ਮੀ

ਕੈਲਗਰੀ, 29 ਅਕਤੂਬਰ (ਪੋਸਟ ਬਿਊਰੋ): ਮੰਗਲਵਾਰ ਦੁਪਹਿਰ ਫੇਅਰਵਿਊ ਕਮਿਊਨਿਟੀ ਵਿੱਚ ਇੱਕ ਔਰਤ ਵਾਹਨ ਦੀ ਚਪੇਟ ਵਿੱਚ ਆਉਣ ਕਾਰਨ ਗੰਭੀਰ ਜ਼ਖ਼ਮੀ ਹੋ ਗਈ।

ਕੈਲਗਰੀ ਪੁਲਿਸ ਨੇ ਇੱਕ ਬਿਆਨ ਵਿੱਚ ਕਿਹਾ ਕਿ ਉਨ੍ਹਾਂ ਨੂੰ ਫੇਅਰਮਾਊਂਟ ਡਰਾਈਵ ਅਤੇ ਫਲਿੰਟ ਰੋਡ ਐੱਸ. ਈ. ਦੇ ਇਲਾਕੇ ਵਿੱਚ ਦੁਪਹਿਰ 2:45 ਵਜੇ ਦੇ ਆਸਪਾਸ ਇੱਕ ਪੈਦਲ ਜਾ ਰਹੇ ਵਿਅਕਤੀ ਨੂੰ ਵਾਹਨ ਦੁਆਰਾ ਟੱਕਰ ਮਾਰੇ ਜਾਣ ਦੀ ਸੂਚਨਾ ਮਿਲੀ।



ਪੁਲਿਸ ਨੇ ਦੱਸਿਆ ਕਿ 20 ਸਾਲਾ ਲੜਕੀ ਜੋ ਪੈਦਲ ਜਾ ਰਹੀ ਨੂੰ ਗੰਭੀਰ ਜ਼ਖ਼ਮੀ ਹੋਣ ਕਾਰਨ ਹਸਪਤਾਲ ਲਿਜ-ਾਇਆ ਗਿਆ। ਵਾਹਨ ਦਾ ਚਾਲਕ ਘਟਨਾ ਸਥਾਨ 'ਤੇ ਹੀ ਰਿਹਾ।

ਪੁਲਿਸ ਦੁਆਰਾ ਘਟਨਾ ਦੀ ਜਾਂਚ ਕੀਤੇ ਜਾਣ ਦੌਰਾਨ ਇਲਾਕੇ ਵਿੱਚ ਕੁੱਝ ਸੜਕਾਂ ਬੰਦ ਕਰ ਦਿੱਤੀਆਂ ਗਈਆਂ ਸਨ ਪਰ ਬਾਅਦ ਵਿੱਚ ਉਨ੍ਹਾਂ ਨੂੰ ਖੋਲ੍ਹ ਦਿੱਤਾ ਗਿਆ।

ਸਟੇਫਨੀ ਚੈਪਮੈਨ ਨੇੜੇ ਹੀ ਰਹਿੰਦੇ ਹਨ। ਇਸ ਇਲਾਕੇ ਵਿਚ ਲੋਕ ਅਕਸਰ ਫੇਇਰਮਾਊਂਟ ਡਰਾਈਵ 'ਤੇ ਤੇਜ ਰਫ਼ਤਾਰ ਨਾਲ ਚਲਦੇ ਹਨ। ਲੋਕ ਇੱਥੋਂ ਤੇਜ਼ੀ ਨਾਲ ਗੁਜਰਦੇ ਹਨ। ਇੱਥੇ ਲੋਕ ਚਲਦੇ ਸਮੇਂ ਬਹੁਤ ਸੁਚੇਤ ਰਹਿੰਦੇ ਹਨ। ਇੱਥੇ ਗੱਡੀ ਚਲਾਉਂਦੇ ਸਮੇਂ ਲੋਕ ਬਹੁਤ ਜਲਦੀ ਵਿੱਚ ਹੁੰਦੇ ਹਨ ਅਤੇ ਇੱਥੇ ਕੋਈ ਅਜਿਹੀ ਵਿਵਸਥਾ ਨਹੀਂ ਹੈ ਜੋ ਉਨ੍ਹਾਂ ਨੂੰ ਹੌਲੀ ਚੱਲਣ ਅਤੇ ਜ਼ਿਆਦਾ ਸੁਚੇਤ ਰਹਿਣ ਲਈ ਉਤਸ਼ਾਹਿਤ ਕਰੇ।

## ਵੈਨੀਅਰ ਵਿੱਚ 50 ਸਾਲਾ ਵਿਅਕਤੀ ਦੇ ਕਤਲ ਮਾਮਲੇ ਵਿੱਚ ਇੱਕ ਔਰਤ 'ਤੇ ਲੱਗੇ ਚਾਰਜਿਜ਼

ਓਟਵਾ, 29 ਅਕਤੂਬਰ (ਪੋਸਟ ਬਿਊਰੋ): ਸੋਮਵਾਰ ਸ਼ਾਮ ਨੂੰ ਵੈਨੀਅਰ ਵਿੱਚ 50 ਸਾਲਾ ਵਿਅਕਤੀ ਦਾ ਚਾਕੂ ਮਾਰ ਕੇ ਕੀਤੇ ਕਤਲ ਦੇ ਮਾਮਲੇ ਵਿੱਚ ਪੁਲਿਸ ਨੇ ਓਟਵਾ ਦੀ ਇੱਕ ਔਰਤ ਖਿਲਾਫ ਕਤਲ ਦਾ ਚਾਰਜਿਜ਼ ਲਗਾਇਆ ਹੈ।

ਸੋਸ਼ਲ ਮੀਡੀਆ 'ਤੇ ਪੁਲਿਸ ਨੇ ਦੱਸਿਆ ਕਿ ਚਾਕੂ ਮਾਰਨ ਦੀ ਸੂਚਨਾ 'ਤੇ ਐਮਰਜੈਂਸੀ ਦਲ ਨੂੰ ਰਾਤ ਕਰੀਬ 8 ਵਜੇ ਸੇਂਟ ਮੋਨਿਕ ਸਟਰੀਟ ਦੇ 200 ਬਲਾਕ ਵਿੱਚ ਬੁਲਾਇਆ ਗਿਆ ਸੀ।



ਪੀੜਤ ਦੀ ਪਹਿਚਾਣ ਓਟਵਾ ਦੇ 50 ਸਾਲਾ ਜੀਨ ਕੋਵੀ ਦੇ ਰੂਪ ਵਿੱਚ ਕੀਤੀ ਗਈ, ਜਿਸ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ ਪਰ ਬਾਅਦ ਵਿੱਚ ਉਸਦੀ ਜ਼ਖਮਾਂ ਕਾਰਨ ਮੌਤ ਹੋ ਗਈ।

ਓਟਵਾ ਦੀ 58 ਸਾਲਾ ਏਲਿਅਨ ਅੱਸਿਨਵਾਈ 'ਤੇ ਸੈਕੰਡ ਡਿਗਰੀ ਕਤਲ ਦਾ ਚਾਰਜਿਜ਼ ਲਗਾਇਆ ਗਿਆ ਹੈ।

## ਅਮਰੀਕਾ 'ਚ ਚੋਣਾਂ ਤੋਂ ਪਹਿਲਾਂ ਕਈ ਬੈਲਟ ਬਾਕਸਾਂ ਨੂੰ ਲੱਗੀ ਅੱਗ, ਜਾਂਚ ਸ਼ੁਰੂ

ਵਾਸ਼ਿੰਗਟਨ, 29 ਅਕਤੂਬਰ (ਪੋਸਟ ਬਿਊਰੋ): ਅਮਰੀਕਾ 'ਚ 5 ਨਵੰਬਰ ਨੂੰ ਰਾਸ਼ਟਰਪਤੀ ਚੋਣਾਂ ਹੋਣ ਜਾ ਰਹੀਆਂ ਹਨ। ਚੋਣਾਂ 'ਚ ਡੈਮੋਕਰੇਟਸ ਅਤੇ ਰਿਪਬਲਿਕਨਜ਼ ਵਿਚਾਲੇ ਕਰੀਬੀ ਮੁਕਾਬਲਾ ਹੁੰਦਾ ਨਜ਼ਰ ਆ ਰਿਹਾ ਹੈ। ਦੋਨਾਂ ਪਾਰਟੀਆਂ ਦੇ ਆਗੂ ਪ੍ਰਚਾਰ ਵਿਚ ਆਪਣੀ ਪੂਰੀ ਤਾਕਤ ਲਗਾ ਰਹੇ ਹਨ। ਇਸ ਦੌਰਾਨ ਚੋਣਾਂ ਤੋਂ ਪਹਿਲਾਂ ਵੀ ਵੱਡੇ ਪੱਧਰ 'ਤੇ ਵੋਟਿੰਗ ਹੋ ਰਹੀ ਹੈ। ਪਰ ਕਈ ਰਾਜਾਂ ਵਿੱਚ ਬੈਲਟ ਬਾਕਸ ਨੂੰ ਅੱਗ ਲੱਗਣ ਦੀਆਂ ਘਟਨਾਵਾਂ ਤੋਂ




ਬਾਅਦ ਸ਼ੱਕ ਦੀ ਸਥਿਤੀ ਪੈਦਾ ਹੋ ਗਈ ਹੈ। ਅਮਰੀਕਾ ਦੇ ਓਰੇਗਨ ਸੂਬੇ ਦੇ ਪੋਰਟਲੈਂਡ ਇਲਾਕੇ ਅਤੇ ਵਾਸ਼ਿੰਗਟਨ ਦੇ ਵੈਨਕੂਵਰ ਸ਼ਹਿਰ ਵਿੱਚ ਬੈਲਟ ਡਰਾਪ ਬਾਕਸਾਂ ਵਿੱਚ ਅੱਗ ਲੱਗਣ ਦੀਆਂ ਘਟਨਾਵਾਂ ਸਾਹਮਣੇ ਆਈਆਂ ਹਨ। ਇਹ ਬੈਲਟ ਬਾਕਸ ਚੋਣਾਂ ਤੋਂ ਪਹਿਲਾਂ ਲਈ ਵਰਤੇ ਗਏ ਸਨ, ਜੋ ਕਿ ਵੋਟਾਂ ਨਾਲ ਭਰੇ ਹੋਏ ਸਨ। ਅੱਗ ਲੱਗਣ ਕਾਰਨ ਡੱਬੇ ਸੜ ਕੇ ਸੁਆਹ ਹੋ ਗਏ ਹਨ। ਘਟਨਾ ਦੀ ਗੰਭੀਰਤਾ ਨੂੰ ਦੇਖਦੇ ਹੋਏ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

ਫੈਡਰਲ ਬਿਊਰੋ ਆਫ਼ ਇਨਵੈਸਟੀਗੇਸ਼ਨ ਦੇ ਬੁਲਾਰੇ ਸਟੀਵ ਬਰਨਡਟ ਨੇ ਕਿਹਾ ਕਿ ਸੰਘੀ ਅਧਿਕਾਰੀ ਰਾਜ ਅਤੇ ਸਥਾਨਕ ਪੁਲਿਸ ਦੀ ਮਦਦ ਨਾਲ ਘਟਨਾਵਾਂ ਦੀ ਜਾਂਚ ਕਰ ਰਹੇ ਹਨ।

...ਬਾਕੀ ਪੰਨਾ 2 'ਤੇ

Law Office of Aman Sharma
Real Estate · Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

MagGas Medical Brampton
MGM
MAGGAS MEDICAL INC.
Helping you breathe deep and rest easy.
CPAP ਮਸ਼ੀਨ, ਮਾਸਕ ਅਤੇ ਸਪਲਾਈ
ਮੁਫ਼ਤ ਸਲਾਹ
ਓਨਟਾਰੀਓ ਡਿਸਏਬਿਲਟੀ ਸਪੋਰਟ ਪ੍ਰੋਗਰਾਮ ਲਈ
ਓਨਟਾਰੀਓ ਵਰਕਸ ਲਈ ਮੁਫ਼ਤ
ਮੁਫ਼ਤ ਡਿਲੀਵਰੀ
(647) 954-9885
20 Maritime Ont Blvd Unit 15
Brampton, ON L6S 0C2

Royal Pest Control
Residential Commercial Industrial
Specialist in Bedbugs Service
All Pest Control :
Mouse & Rats · Spiders & Fleas · Bedbugs · Wasps
Cockroaches · Carpenter Ants · Silver Fish · Racoons
Call : PARESH PATEL
416 938 4598

Canada Consumer Credit Assistance ਕਰਜ਼ਾ ਰਹਿਤ ਜਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

ਨਵਾਂ ਘਾਹ ਲਵਾਉ
647-784-1213
www.aaalandscaping.ca
ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
ਏਰੀਆ ਨੂੰ ਲੈਵਲ ਕਰਨਾ ਅਤੇ ਮਿੱਟੀ ਰਲਾਉਣੀ
ਨਵਾਂ ਘਾਹ ਲਵਾਉ
ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ



## ਅੱਜ ਨਾਮਾ >>

ਮਾਰਗ ਪੁੱਛਣ ਲਈ ਬੱਚੇ ਨੇ ਪਹੁੰਚ ਕੀਤੀ,
ਲੱਗਾ ਦੱਸਣ ਤਾਂ ਟੀਚਰ ਪਿਆ ਹੱਸ ਭਾਈ।
ਕਹਿੰਦਾ ਮਾਰਗ ਤਾਂ ਬੱਚਾ ਹਨ ਬਹੁਤ ਸਾਰੇ,
ਜਿੱਦਾਂ ਦਾ ਚਾਹੀਦਾ ਏ, ਦੇਈਏ ਦੱਸ ਭਾਈ।
ਦਿੱਸਦਾ ਮਾੜਾ ਨਹੀਂ ਕੋਈ ਆ ਰਾਹ ਭਾਈ,
ਤੁਹਾਡਾ ਪਤਾ ਨਹੀਂ ਕਿੱਦਾਂ ਦਾ ਮੱਸ ਭਾਈ।
ਹਰ ਇੱਕ ਮਾਰਗ ਈਮਾਨ ਦੀ ਬਾਤ ਆਖੇ,
ਨਵੀਂ ਪੀੜ੍ਹੀ ਦਾ ਜਿਹੜਾ ਨਹੀਂ ਵੱਸ ਭਾਈ।
ਇੱਕੋ ਬੱਸ ਮਾਰਗ ਈਮਾਨ ਤੋਂ ਬਿਨਾਂ ਬਾਕੀ,
ਠੱਗੀਆਂ ਮਾਰਨ ਨਾਲ ਸਿਖਰ ਪੁਚਾਏ ਬੱਚਾ।
ਪੱਲਿਉਂ ਧੇਲਾ ਵੀ ਲਾਉਣ ਦੀ ਲੋੜ ਨਹੀਉਂ,
ਸਿਆਸਤ ਕਦੇ ਵੀ ਘਾਟੇ ਨਹੀਂ ਪਾਏ ਬੱਚਾ।

ਤੀਸ ਮਾਰ ਖਾਂ

# ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ 'ਵ੍ਹਾਈਟ ਹਾਊਸ' 'ਚ ਮਨਾਈ ਦੀਵਾਲੀ

ਵਾਸ਼ਿੰਗਟਨ, 29 ਅਕਤੂਬਰ (ਪੋਸਟ ਬਿਊਰੋ): ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਸੋਮਵਾਰ ਨੂੰ ਵ੍ਹਾਈਟ ਹਾਊਸ ਵਿਖੇ ਦੀਵਾਲੀ ਦੇ ਜਸ਼ਨਾਂ ਦੀ ਮੇਜ਼ਬਾਨੀ ਕੀਤੀ, ਜਿਸ ਵਿੱਚ ਦੇਸ਼ ਭਰ ਦੇ ਸੰਸਦ ਮੈਂਬਰਾਂ, ਅਧਿਕਾਰੀਆਂ ਅਤੇ ਕਾਰਪੋਰੇਟ ਨੇਤਾਵਾਂ ਸਮੇਤ 600 ਤੋਂ ਵੱਧ ਉੱਘੇ ਭਾਰਤੀ ਅਮਰੀਕੀਆਂ ਨੇ ਸ਼ਿਰਕਤ ਕੀਤੀ। ਬਾਇਡਨ ਨੇ ਵ੍ਹਾਈਟ ਹਾਊਸ ਦੇ ਈਸਟ ਰੂਮ ਵਿੱਚ ਕਿਹਾ ਕਿ ਰਾਸ਼ਟਰਪਤੀ ਹੋਣ ਦੇ ਨਾਤੇ, ਮੈਨੂੰ ਵ੍ਹਾਈਟ ਹਾਊਸ ਵਿੱਚ ਹੁਣ ਤੱਕ ਦੇ ਸਭ ਤੋਂ ਵੱਡੇ ਦੀਵਾਲੀ ਦੇ ਜਸ਼ਨ ਦੀ ਮੇਜ਼ਬਾਨੀ ਕਰਨ ਦਾ ਸਨਮਾਨ ਮਿਲਿਆ ਹੈ। ਇਸ ਦਾ ਮੇਰੇ ਲਈ ਬਹੁਤ ਮਹਤਵ ਸੀ। ਦੱਖਣੀ ਏਸ਼ੀਆਈ ਅਮਰੀਕੀ ਸੈਨੇਟਰ, ਉਪ



ਰਾਸ਼ਟਰਪਤੀ ਅਤੇ ਰਾਸ਼ਟਰਪਤੀ ਦੇ ਰੂਪ ਵਿੱਚ ਮੇਰੇ ਸਟਾਫ ਦੇ ਮੁੱਖ ਮੈਂਬਰ ਰਹੇ ਹਨ।

ਉਪ ਰਾਸ਼ਟਰਪਤੀ ਕਮਲਾ ਹੈਰਿਸ ਅਤੇ ਬਾਇਡਨ ਦੀ ਪਤਨੀ ਜਿਲ ਬਾਇਡਨ ਚੋਣ ਪ੍ਰਚਾਰ ਵਿਚ ਰੁੱਝੇ ਹੋਣ ਕਾਰਨ ਇਸ ਸਮਾਗਮ ਵਿਚ ਸ਼ਾਮਿਲ ਨਹੀਂ ਹੋ ਸਕੇ। ਬਾਇਡਨ ਦੇ ਭਾਸ਼ਣ ਤੋਂ ਪਹਿਲਾਂ ਅਮਰੀਕੀ ਸਰਜਨ ਜਨਰਲ ਵਾਈਸ ਐਡਮਿਰਲ ਵਿਵੇਕ ਐੱਚ ਮੂਰਤੀ, ਸੇਵਾਮੁਕਤ ਜਲ ਸੈਨਾ ਅਧਿਕਾਰੀ ਅਤੇ ਨਾਸਾ ਦੀ ਪੁਲਾੜ ਯਾਤਰੀ ਸੁਨੀਤਾ ਵਿਲੀਅਮਜ਼ ਅਤੇ 'ਭਾਰਤੀ-ਅਮਰੀਕੀ ਨੌਜਵਾਨ ਕਾਰਕੁਨ' ਸ਼ਰੂਤੀ ਅਮੂਲਾ ਨੇ ਵੀ ਸਮਾਰੋਹ ਨੂੰ ਸੰਬੋਧਨ ਕੀਤਾ। ਇਸ ਦੌਰਾਨ ਸੁਨੀਤਾ ਨੇ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ ਤੋਂ ਰਿਕਾਰਡ ਕੀਤਾ ਇੱਕ ਵੀਡੀਓ ਸੰਦੇਸ਼ ਭੇਜਿਆ। ਵ੍ਹਾਈਟ ਹਾਊਸ ਦੇ 'ਬਲੂ ਰੂਮ' 'ਚ ਰਸਮੀ ਤੌਰ 'ਤੇ ਦੀਵਾ ਜਗਾਉਂਦੇ ਹੋਏ ਬਾਇਡਨ ਨੇ ਕਿਹਾ ਕਿ ਦੱਖਣੀ ਏਸ਼ੀਆਈ ਅਮਰੀਕੀ ਭਾਈਚਾਰੇ ਨੇ ਅਮਰੀਕੀ ਜੀਵਨ ਦੇ ਹਰ ਹਿੱਸੇ ਨੂੰ ਖੁਸ਼ਹਾਲ ਕੀਤਾ ਹੈ।

# ਅਮਰੀਕਾ 'ਚ ਚੋਣਾਂ ਤੋਂ ਪਹਿਲਾਂ ਕਈ ਬੈਲਟ ਬਾਕਸਾਂ ਨੂੰ ਲੱਗੀ ਅੱਗ, ਜਾਂਚ ਸ਼ੁਰੂ

ਪੰਨਾ 1 ਦਾ ਬਾਕੀ

ਸੋਸ਼ਲ ਮੀਡੀਆ 'ਤੇ ਕਈ ਵੀਡੀਓ ਵਾਇਰਲ ਹੋ ਰਹੇ ਹਨ, ਜਿਨ੍ਹਾਂ 'ਚ ਵਾਸ਼ਿੰਗਟਨ ਦੇ ਪੋਲਿੰਗ ਬੂਥ 'ਤੇ ਕਈ ਬੈਲਟ ਬਾਕਸਾਂ 'ਚੋਂ ਧੂੰਆਂ ਨਿਕਲਦਾ ਦੇਖਿਆ ਜਾ ਸਕਦਾ ਹੈ। ਵੈਨਕੂਵਰ ਪੁਲਿਸ ਵਿਭਾਗ ਨੇ ਦੱਸਿਆ ਕਿ ਉਨ੍ਹਾਂ ਨੂੰ ਸੋਮਵਾਰ ਨੂੰ ਬੈਲਟ ਬਾਕਸ 'ਚ ਅੱਗ ਲੱਗਣ ਦੀ ਸੂਚਨਾ ਮਿਲੀ ਜਿਸ ਤੋਂ ਬਾਅਦ ਟੀਮ ਮੌਕੇ 'ਤੇ ਪਹੁੰਚੀ। ਪੋਰਟਲੈਂਡ ਪੁਲਿਸ ਵਿਭਾਗ ਦੀ ਅਸਿਸਟੈਂਟ ਚੀਫ਼ ਅਮਾਂਡਾ ਮੈਕਮਿਲਨ ਨੇ ਕਿਹਾ ਕਿ ਬੈਲਟ ਬਾਕਸ ਨੂੰ ਅੱਗ ਲੱਗਣ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ ਹੈ। ਅੱਗ ਜਾਣ ਬੁੱਝ ਕੇ ਲਗਾਈ ਗਈ ਜਾਂ ਕੋਈ ਹਾਦਸਾ ਸੀ ਇਸ ਦੀ ਜਾਂਚ ਕੀਤੀ ਜਾ ਰਹੀ ਹੈ।

ਅਜਿਹੀ ਜਾਣਕਾਰੀ ਇਹ ਵੀ ਸਾਹਮਣੇ ਆ ਰਹੀ ਹੈ ਕਿ ਵਾਸ਼ਿੰਗਟਨ ਅਤੇ ਓਰੇਗਨ ਵਿੱਚ ਬੈਲਟ ਬਕਸਿਆਂ ਦੇ ਬਾਹਰ ਇੱਕ ਸ਼ੱਕੀ ਯੰਤਰ ਲਗਾਇਆ ਗਿਆ ਸੀ ਜਿਸ ਨੂੰ ਅੱਗ ਲੱਗ ਗਈ ਸੀ। ਵਾਸ਼ਿੰਗਟਨ ਦੇ ਕਲਾਰਕ ਕਾਉਂਟੀ ਆਡੀਟਰ ਗ੍ਰੇਗ ਕਿਮਸੇ ਨੇ ਕਿਹਾ ਕਿ ਇਹ ਲੋਕਤੰਤਰ 'ਤੇ ਸਿੱਧਾ ਹਮਲਾ ਹੈ। ਬਕਸੇ ਵਿੱਚ ਅੱਗ ਬੁਝਾਉਣ ਵਾਲਾ ਸਿਸਟਮ ਲਗਾਇਆ ਗਿਆ ਸੀ, ਪਰ ਵੈਨਕੂਵਰ ਵਿੱਚ ਜਿਸ ਬੈਲਟ ਬਾਕਸ ਨੂੰ ਅੱਗ ਲੱਗ ਗਈ ਸੀ, ਉਸ ਨੂੰ ਦਬਾਉਣ ਵਾਲਾ ਸਿਸਟਮ ਠੀਕ ਤਰ੍ਹਾਂ ਕੰਮ ਨਹੀਂ ਕਰ ਰਿਹਾ ਸੀ। ਇਸ ਕਾਰਨ ਹਜ਼ਾਰਾਂ ਵੋਟਾਂ ਬਰਬਾਦ ਹੋ ਗਈਆਂ।

# ਵਿਕਟੋਰਿਆ ਡੇਅ 'ਤੇ ਬਾਬਜ਼ ਝੀਲ 'ਤੇ ਕਿਸ਼ਤੀ ਹਾਦਸੇ ਦੇ ਮਾਮਲੇ 'ਚ ਇੱਕ ਗ੍ਰਿਫ਼ਤਾਰ

ਓਟਵਾ, 29 ਅਕਤੂਬਰ (ਪੋਸਟ ਬਿਊਰੋ): ਓਂਟਾਰੀਓ ਰਾਜਸੀ ਪੁਲਿਸ ਨੇ ਪੁਸ਼ਟੀ ਕੀਤੀ ਹੈ ਕਿ ਵਿਕਟੋਰੀਆ ਡੇਅ ਲੌਂਗਵੀਕੈਂਡ 'ਤੇ ਪੂਰਵੀ ਓਂਟਾਰੀਓ ਵਿੱਚ ਬਾਬਸ ਝੀਲ 'ਤੇ ਭਿਆਨਕ ਕਿਸ਼ਤੀ ਹਾਦਸੇ ਦੇ ਸਿਲਸਿਲੇ ਵਿੱਚ ਗ੍ਰਿਫ਼ਤਾਰੀ ਕੀਤੀ ਗਈ ਹੈ।

ਇਹ ਘਟਨਾ ਸ਼ਨੀਵਾਰ, 18 ਮਈ ਨੂੰ ਰਾਤ 9:30 ਵਜੇ ਦੇ ਆਸਪਾਸ ਬਾਬਸ ਝੀਲ ਦੇ ਬਕ ਬੇ ਹਿੱਸੇ ਵਿੱਚ ਹੋਈ, ਜੋ ਓਟਵਾ ਤੋਂ ਲਗਭਗ 140 ਕਿਲੋਮੀਟਰ ਦੱਖਣ-ਪੱਛਮ ਵਿੱਚ ਹੈ। ਜੂਲੀਅਟ ਕੋਟੇ (22) ਰਿਲੇ ਆਰ



(23) ਕੈਲਿਆ ਬੇਇਰਮੈਨ (21) ਸਾਰਿਆਂ ਨੂੰ ਦੁਰਘਟਨਾ ਥਾਂ 'ਤੇ ਮ੍ਰਿਤਕ ਐਲਾਨ ਕਰ ਦਿੱਤਾ ਗਿਆ।

ਓਪੀਪੀ ਨੇ ਮੰਗਲਵਾਰ ਨੂੰ ਇਸ ਬਾਰੇ ਵਿੱਚ ਕੋਈ ਟਿੱਪਣੀ ਨਹੀਂ ਕੀਤੀ ਕਿ ਕਿਸ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਜਾਂ ਕੀ ਚਾਰਜਿਜ਼ ਲਗਾਏ ਗਏ ਹਨ ਪਰ ਪੁਸ਼ਟੀ ਕੀਤੀ ਕਿ ਸ਼ੱਕੀ ਹਿਰਾਸਤ ਵਿੱਚ ਹੈ। ਹਾਦਸੇ ਦੇ ਪੀੜਤ ਪੰਜ ਹੋਰ ਲੋਕਾਂ ਨੂੰ ਹਸਪਤਾਲ ਲਿਜਾਇਆ ਗਿਆ।

ਫ੍ਰਸਟ ਰਿਸਪੋਂਡਰਜ਼ ਨੇ ਦੁਰਘਟਨਾ ਦੇ ਸਾਰੇ ਪੀੜਤਾਂ ਕੁਝ ਕਾਟੇਜ ਕੋਲ ਕੰਕਰੀਟ ਡਾਕ ਦੇ ਨੇੜੇ ਕਿਸ਼ਤੀਆਂ 'ਤੇ ਇਕੱਠੇ ਫਸੇ ਹੋਏ ਪਾਇਆ।

Allseas Fisheries Inc. is Hiring!
DZ licensed delivery drivers needed.
Pay is $24/hour. Full time, permanent
Should work any day of the week, including weekends.
If interested, please forward resume to rgidda@allseas.net












# 10000 ਰੁਪਏ ਰਿਸ਼ਵਤ ਲੈਣ ਦੇ ਦੋਸ਼ ਹੇਠ ਆਬਕਾਰੀ ਵਿਭਾਗ ਦਾ ਸੇਵਾਦਾਰ ਵਿਜੀਲੈਂਸ ਬਿਊਰੋ ਵੱਲੋਂ ਗ੍ਰਿਫ਼ਤਾਰ

## -ਮੁਲਜ਼ਮ, 20 ਹਜ਼ਾਰ ਰੁਪਏ ਹੋਰ ਰਿਸ਼ਵਤ ਦੀ ਕਰ ਰਿਹਾ ਸੀ ਮੰਗ



ਚੰਡੀਗੜ੍ਹ, 29 ਅਕਤੂਬਰ (ਪੋਸਟ ਬਿਊਰੋ): ਪੰਜਾਬ ਵਿਜੀਲੈਂਸ ਬਿਊਰੋ ਨੇ ਰਿਸ਼ਵਤ ਦੇ ਕੇਸ ਵਿੱਚ ਆਬਕਾਰੀ ਤੇ ਕਰ ਵਿਭਾਗ ਦੇ ਇੰਸਪੈਕਟਰ ਜਤਿੰਦਰਪਾਲ ਸਿੰਘ ਦੀ ਗ੍ਰਿਫ਼ਤਾਰੀ ਤੋਂ ਬਾਅਦ ਹੁਣ ਇਸੇ ਕੇਸ ਵਿੱਚ ਆਬਕਾਰੀ ਤੇ ਕਰ ਵਿਭਾਗ, ਕਪੂਰਥਲਾ ਵਿਖੇ ਸੇਵਾਦਾਰ (ਹੁਣ ਕਲਰਕ) ਵਜੋਂ ਤਾਇਨਾਤ ਸਹਿ ਮੁਲਜ਼ਮ ਸੰਜੀਵ ਮਲਹੋਤਰਾ ਨੂੰ 10,000 ਰੁਪਏ ਰਿਸ਼ਵਤ ਲੈਣ ਅਤੇ ਹੋਰ 20,000 ਰੁਪਏ ਰਿਸ਼ਵਤ ਮੰਗਣ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਉਕਤ ਮੁਲਜ਼ਮ ਖਿਲਾਫ਼ ਇਹ ਕੇਸ ਮੁਹੱਲਾ ਕਿਆਮਪੁਰਾ, ਕਪੂਰਥਲਾ ਦੇ ਵਸਨੀਕ ਨੀਰਜ ਸ਼ਰਮਾ ਵੱਲੋਂ ਮੁੱਖ ਮੰਤਰੀ ਭ੍ਰਿਸ਼ਟਾਚਾਰ ਵਿਰੋਧੀ ਐਕਸ਼ਨ ਲਾਈਨ 'ਤੇ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ 'ਤੇ ਦਰਜ ਕੀਤਾ ਗਿਆ ਹੈ।

ਉਨ੍ਹਾਂ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਆਪਣੀ ਸ਼ਿਕਾਇਤ ਵਿੱਚ ਦੱਸਿਆ ਕਿ ਉਹ ਕਪੂਰਥਲਾ ਸ਼ਹਿਰ ਦੇ ਕਿਆਮਪੁਰਾ ਵਿਖੇ ਇਲੈਕਟ੍ਰਾਨਿਕ ਦੀ ਦੁਕਾਨ ਚਲਾ ਰਿਹਾ ਹੈ ਅਤੇ ਉਸਨੇ ਅਪ੍ਰੈਲ 2024 ਵਿੱਚ ਕਿਸੇ ਗ੍ਰਾਹਕ ਨੂੰ ਕੂਲਰ ਵੇਚਿਆ ਸੀ, ਜਿਸ ਸਬੰਧੀ ਗ੍ਰਾਹਕ ਨਾਲ ਪੈਦਾ ਹੋਏ ਵਿਵਾਦ ਨੂੰ ਸੁਲਝਾਉਣ ਲਈ ਉਕਤ ਦੋਵੇਂ ਮੁਲਜ਼ਮ ਇਸ ਮਾਮਲੇ ਵਿੱਚ ਦਖ਼ਲ ਦੇ ਰਹੇ ਸਨ।

ਸ਼ਿਕਾਇਤਕਰਤਾ ਨੇ ਅੱਗੇ ਦੱਸਿਆ ਕਿ ਉਕਤ ਦੋਵੇਂ ਮੁਲਜ਼ਮਾਂ ਨੇ ਉਸ ਨੂੰ ਫ਼ੋਨ ਕਰਕੇ ਆਪਣੇ ਲੇਖਾਕਾਰ ਨਾਲ ਉਨ੍ਹਾਂ ਦੇ ਦਫ਼ਤਰ ਆਉਣ ਲਈ ਕਿਹਾ, ਜਿੱਥੇ ਉਨ੍ਹਾਂ ਨੇ ਬਿੱਲ ਵਿੱਚ ਬੇਨਿਯਮੀਆਂ ਦੇ ਨਿਪਟਾਰੇ ਲਈ ਉਸ ਤੋਂ 45,000 ਰੁਪਏ ਰਿਸ਼ਵਤ ਮੰਗੀ।

ਸ਼ਿਕਾਇਤਕਰਤਾ ਨੇ ਦੱਸਿਆ ਕਿ ਇਸ ਤੋਂ ਬਾਅਦ ਕਲਰਕ ਸੰਜੀਵ ਮਲਹੋਤਰਾ ਨੇ ਵਟਸਐਪ ਕਾਲ 'ਤੇ ਇਕ ਲੱਖ ਰੁਪਏ ਰਿਸ਼ਵਤ ਦੀ ਮੰਗ ਕੀਤੀ ਪਰ ਸੌਦਾ 30 ਹਜ਼ਾਰ ਰੁਪਏ 'ਚ ਤੈਅ ਹੋ ਗਿਆ। ਸ਼ਿਕਾਇਤਕਰਤਾ ਨੇ ਅੱਗੇ ਦੱਸਿਆ ਕਿ ਉਕਤ ਮੁਲਜ਼ਮ ਨੇ ਅਗਲੇ ਦਿਨ ਹੀ ਉਸ ਤੋਂ ਰਿਸ਼ਵਤ ਦੀ ਪਹਿਲੀ ਕਿਸ਼ਤ ਵਜੋਂ 10,000 ਰੁਪਏ ਲੈ ਲਏ, ਜਿਸ ਤੋਂ ਬਾਅਦ ਉਹ ਬਾਕੀ ਰਹਿੰਦੀ 20,000 ਰੁਪਏ ਰਿਸ਼ਵਤ ਦੀ ਲਗਾਤਾਰ ਮੰਗ ਕਰ ਰਹੇ ਸਨ। ਬੁਲਾਰੇ ਨੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਉਕਤ ਮੁਲਜ਼ਮ ਨਾਲ ਫੋਨ 'ਤੇ ਹੋਈ ਗੱਲਬਾਤ ਨੂੰ ਰਿਕਾਰਡ ਕਰ ਲਿਆ, ਜੋ ਉਸਨੇ ਸਬੂਤ ਵਜੋਂ ਵਿਜੀਲੈਂਸ ਬਿਊਰੋ ਨੂੰ ਸੌਂਪ ਦਿੱਤੀ।

ਬੁਲਾਰੇ ਨੇ ਅੱਗੇ ਦੱਸਿਆ ਕਿ ਇਸ ਮਾਮਲੇ ਵਿੱਚ ਸ਼ਿਕਾਇਤਕਰਤਾ ਵੱਲੋਂ ਦਿੱਤੇ ਗਏ ਬਿਆਨ ਅਤੇ ਪੇਸ਼ ਕੀਤੀ ਗਈ ਕਾਲ ਰਿਕਾਰਡਿੰਗ ਤੋਂ ਬਾਅਦ ਸ਼ਿਕਾਇਤ ਦੀ ਪੜਤਾਲ ਦੌਰਾਨ ਸਾਰੇ ਦੋਸ਼ ਸਹੀ ਪਾਏ ਗਏ।

ਬੁਲਾਰੇ ਨੇ ਅੱਗੇ ਦੱਸਿਆ ਕਿ ਜਾਂਚ ਰਿਪੋਰਟ ਦੇ ਆਧਾਰ 'ਤੇ ਉਕਤ ਦੋਵੇਂ ਮੁਲਜ਼ਮਾਂ ਖਿਲਾਫ਼ ਵਿਜੀਲੈਂਸ ਬਿਊਰੋ ਦੇ ਥਾਣਾ ਜਲੰਧਰ ਰੇਂਜ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਧਾਰਾ 7 ਅਤੇ ਆਈ.ਪੀ.ਸੀ. ਦੀ ਧਾਰਾ 384, 120-ਬੀ ਤਹਿਤ ਐਫ.ਆਈ.ਆਰ ਨੰਬਰ 17 ਮਿਤੀ 14.8.2024 ਅਧੀਨ ਕੇਸ ਦਰਜ ਕੀਤਾ ਹੋਇਆ ਹੈ।

ਦੱਸਣਯੋਗ ਹੈ ਕਿ ਇਸ ਮੁਕੱਦਮੇ ਵਿੱਚ ਮੁੱਖ ਮੁਲਜ਼ਮ ਇੰਸਪੈਕਟਰ ਜਤਿੰਦਰਪਾਲ ਸਿੰਘ ਨੂੰ ਪਹਿਲਾਂ ਹੀ ਗ੍ਰਿਫ਼ਤਾਰ ਕਰ ਕੀਤਾ ਜਾ ਚੁੱਕਾ ਹੈ, ਜਦ ਕਿ ਸਹਿ-ਮੁਲਜ਼ਮ ਕਲਰਕ ਸੰਜੀਵ ਮਲਹੋਤਰਾ ਪਿਛਲੇ ਦੋ ਮਹੀਨਿਆਂ ਤੋਂ ਆਪਣੀ ਗ੍ਰਿਫ਼ਤਾਰੀ ਤੋਂ ਬਚਦਾ ਆ ਰਿਹਾ ਸੀ। ਉਨ੍ਹਾਂ ਕਿਹਾ ਕਿ ਮੁਲਜ਼ਮ ਨੂੰ ਭਲਕੇ ਸਮਰੱਥ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ ਅਤੇ ਇਸ ਕੇਸ ਦੀ ਅਗਲੇਰੀ ਜਾਂਚ ਜਾਰੀ ਹੈ।

# ਰਾਜਸਥਾਨ ਦੇ ਝੁੰਝੁਨੂੰ ਵਿਚ ਬੱਚੇ ਦੀ ਜੇਬ 'ਚ ਚੱਲੇ ਪਟਾਕਾ ਕਾਰਨ ਤਿੰਨ ਭੈਣਾਂ ਦੇ ਇਕਲੌਤੇ ਭਰਾ ਦੀ ਮੌਤ

ਝੁੰਝੁਨੂੰ, 29 ਅਕਤੂਬਰ (ਪੋਸਟ ਬਿਊਰੋ): ਪਟਾਕੇ ਨਾਲ 13 ਸਾਲਾ ਬੱਚੇ ਦੀ ਮੌਤ ਹੋ ਗਈ। ਨਾਬਾਲਿਗ ਅਤੇ ਉਸ ਦੇ ਦੋਸਤ ਨੇ ਸਲਫਰ ਅਤੇ ਪੋਟਾਸ਼ ਨੂੰ ਮਿਲਾ ਕੇ ਇਹ ਪਟਾਕਾ ਘਰ ਵਿੱਚ ਬਣਾਇਆ ਸੀ। ਦੋਨਾਂ ਨੇ ਇਹ ਪਟਾਕੇ ਪਰਿਵਾਰ ਤੋਂ ਗੁਪਤ ਤਰੀਕੇ ਨਾਲ ਬਣਾਏ ਸਨ।

ਉਨ੍ਹਾਂ ਨੇ ਪਹਿਲਾਂ ਕੱਚ ਦੀ ਬੋਤਲ ਵਿੱਚ ਪਟਾਕੇ ਜਲਾਏ ਸਨ। ਉਸ ਦੀ ਜੇਬ ਵਿਚ ਰੱਖਿਆ ਪਟਾਕਾ ਇਸ ਦੀ ਚੰਗਿਆੜੀ ਕਾਰਨ ਫਟ ਗਿਆ। ਇਹ ਘਟਨਾ ਸੋਮਵਾਰ ਦੁਪਹਿਰ ਕਰੀਬ 2 ਵਜੇ ਝੁੰਝੁਨੂ ਜ਼ਿਲ੍ਹੇ ਦੇ ਸੂਰਜਗੜ੍ਹ ਕਸਬੇ ਦੇ ਵਾਰਡ ਨੰਬਰ 14 ਵਿੱਚ ਵਾਪਰੀ। ਜ਼ਖਮੀ ਹਿਮਾਂਸ਼ੂ ਨੂੰ ਜੈਪੁਰ ਦੇ ਸਵਾਈ ਮਾਨਸਿੰਘ ਹਸਪਤਾਲ ਰੈਫਰ ਕਰ ਦਿੱਤਾ ਗਿਆ। ਜਿੱਥੇ ਮੰਗਲਵਾਰ ਸਵੇਰੇ ਉਸ ਦੀ ਮੌਤ ਹੋ ਗਈ।

ਹਿਮਾਂਸ਼ੂ ਤਿੰਨ ਭੈਣਾਂ ਵਿੱਚੋਂ ਇਕਲੌਤਾ ਭਰਾ ਅਤੇ ਸਭ ਤੋਂ ਛੋਟਾ ਹੈ। ਪਿਤਾ



ਮੁਕੇਸ਼ ਕੁਮਾਰ ਮਜ਼ਦੂਰੀ ਕਰਦਾ ਹੈ। ਉਸ ਦੀ ਵੱਡੀ ਭੈਣ ਅਨੁਰਾਧਾ ਦਾ ਵਿਆਹ 21 ਦਿਨਾਂ ਬਾਅਦ ਸੀ। ਪੂਰਾ ਪਰਿਵਾਰ ਇਸ ਦੀਆਂ ਤਿਆਰੀਆਂ 'ਚ ਲੱਗਾ ਹੋਇਆ ਸੀ।

ਹਾਦਸੇ ਤੋਂ ਬਾਅਦ ਹਿਮਾਂਸ਼ੂ ਨੂੰ ਸਭ ਤੋਂ ਪਹਿਲਾਂ ਉਸ ਦੇ ਚਾਚਾ ਜੁਗਲਕਿਸ਼ੋਰ ਨੇ ਦੇਖਿਆ ਅਤੇ ਜੀਵਨ ਜੋਤੀ ਐਂਬੂਲੈਂਸ ਸੇਵਾ ਨੂੰ ਬੁਲਾਇਆ। ਇਸ ਦੌਰਾਨ ਹਿਮਾਂਸ਼ੂ ਨੇ ਆਪਣੇ ਚਾਚੇ ਦੇ ਫੋਨ ਤੋਂ ਮਾਂ ਰੇਖਾ ਨੂੰ ਫੋਨ ਕੀਤਾ।

ਪਰ ਉਸ ਨੇ ਹਾਦਸੇ ਬਾਰੇ ਕੁਝ ਨਹੀਂ ਦੱਸਿਆ। ਬਸ ਪੁੱਛਿਆ ਕਿ ਤੁਸੀਂ ਪਿਲਾਨੀ ਪਹੁੰਚ ਗਏ ਹੋ। ਫਿਰ ਫੋਨ ਕੱਟ ਦਿੱਤਾ ਗਿਆ ਪਰ ਕੁਝ ਸਮੇਂ ਬਾਅਦ ਜੁਗਲਕਿਸ਼ੋਰ ਨੇ ਹਿਮਾਂਸ਼ੂ ਦੀ ਮਾਂ ਅਤੇ ਪਿਤਾ ਨੂੰ ਹਾਦਸੇ ਦੀ ਜਾਣਕਾਰੀ ਦਿੱਤੀ। ਫਿਰ ਝੁੰਝਨੂ ਹਸਪਤਾਲ 'ਚ ਮੁੱਢਲੇ ਇਲਾਜ ਤੋਂ ਬਾਅਦ ਉਸ ਨੂੰ ਜੈਪੁਰ ਰੈਫਰ ਕਰ ਦਿੱਤਾ ਗਿਆ।

ਸੂਰਜਗੜ੍ਹ ਥਾਣੇ ਦੇ ਹੌਲਦਾਰ ਸੁਖਦੇਵ ਸਿੰਘ ਨੇ ਦੱਸਿਆ ਕਿ ਉਨ੍ਹਾਂ ਕੋਲ ਹਾਲੇ ਤੱਕ ਕੋਈ ਰਿਪੋਰਟ ਨਹੀਂ ਆਈ ਹੈ। ਬੱਚੇ ਨੇ ਪੋਟਾਸ਼ ਅਤੇ ਸਲਫਰ ਦੀ ਵਰਤੋਂ ਕੀਤੀ ਹੈ। ਇਹ ਤਾਂ ਜਾਂਚ ਤੋਂ ਬਾਅਦ ਹੀ ਦੱਸਿਆ ਜਾ ਸਕੇਗਾ। ਹਾਲੇ ਉਨ੍ਹਾਂ ਦੀ ਜਾਣਕਾਰੀ ਵਿੱਚ ਨਹੀਂ ਹੈ। ਸ਼ਹਿਰ ਵਿੱਚ ਕਿੱਥੇ-ਕਿੱਥੇ ਸ਼ਰੇਆਮ ਵਿੱਕਰੀ ਹੋ ਰਹੀ ਹੈ, ਇਸ ਬਾਰੇ ਕੋਈ ਜਾਣਕਾਰੀ ਨਹੀਂ ਹੈ। ਜੇਕਰ ਕੋਈ ਬਿਨਾਂ ਲਾਈਸੈਂਸ ਤੋਂ ਵੇਚ ਰਿਹਾ ਹੈ ਤਾਂ ਅਸੀਂ ਕਾਰਵਾਈ ਕਰਾਂਗੇ।

# ਸ਼ਿਲਪਾ ਸ਼ੈਟੀ ਦੇ ਲਿੰਗਰਾਜ ਮੰਦਰ ਵਿਚ ਤਸਵੀਰਾਂ ਵਾਇਰਲ, ਸੇਵਾਦਾਰ ਨੂੰ ਨੋਟਿਸ ਜਾਰੀ

ਭੁਵਨੇਸ਼ਵਰ, 29 ਅਕਤੂਬਰ (ਪੋਸਟ ਬਿਊਰੋ): ਲਿੰਗਰਾਜ ਮੰਦਰ ਦੇ ਅਧਿਕਾਰੀਆਂ ਨੇ ਅਦਾਕਾਰਾ ਸ਼ਿਲਪਾ ਸ਼ੈਟੀ ਦੀਆਂ ਮੰਦਰ ਜਾਣ ਦੀਆਂ ਤਸਵੀਰਾਂ ਅਤੇ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋਣ ਤੋਂ ਬਾਅਦ ਇਕ ਸੇਵਾਦਾਰ ਅਤੇ ਇਕ ਅਧਿਕਾਰੀ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਹੈ। ਮੰਦਰ ਦੇ ਅੰਦਰ ਫੋਟੋ ਖਿੱਚਣ 'ਤੇ ਪਾਬੰਦੀ ਹੈ।

ਸ਼ਰਧਾਲੂ ਇਸ ਗੱਲ ਤੋਂ ਨਾਰਾਜ਼ ਸਨ ਕਿ ਸ਼ਿਲਪਾ ਸ਼ੈੱਟੀ ਨੂੰ ਮੰਦਰ ਦੇ ਅਹਾਤੇ 'ਚ ਫੋਟੋਆਂ ਖਿੱਚਣ ਅਤੇ ਵੀਡੀਓ ਬਣਾਉਣ ਦੀ ਇਜਾਜ਼ਤ ਕਿਵੇਂ ਦਿੱਤੀ ਗਈ। ਸੂਤਰਾਂ ਨੇ ਦੱਸਿਆ ਕਿ ਸ਼ੈੱਟੀ ਸੋਮਵਾਰ ਨੂੰ ਇਕ ਸਮਾਗਮ 'ਚ ਸ਼ਾਮਿਲ ਹੋਣ ਲਈ ਰਾਜ ਦੀ ਰਾਜਧਾਨੀ 'ਚ ਸਨ ਅਤੇ ਸ਼ਾਮ ਨੂੰ ਮੰਦਰ ਗਏ।

ਭੁਵਨੇਸ਼ਵਰ ਦੇ ਵਧੀਕ ਜ਼ਿਲ੍ਹਾ ਮੈਜਿਸਟਰੇਟ ਅਤੇ ਮੰਦਰ ਪ੍ਰਸ਼ਾਸਨ ਦੇ ਇੰਚਾਰਜ ਰੁਦਰ ਨਰਾਇਣ ਮੋਹੰਤੀ ਨੇ



ਕਿਹਾ ਕਿ ਸਾਡੇ ਧਿਆਨ 'ਚ ਆਇਆ ਹੈ ਕਿ ਸ਼ਿਲਪਾ ਸ਼ੈਟੀ ਦੀਆਂ ਤਸਵੀਰਾਂ ਵਾਇਰਲ ਹੋਈਆਂ ਹਨ। ਅਸੀਂ ਇਸ ਮਾਮਲੇ ਦੇ ਸਬੰਧ 'ਚ ਇਕ ਸੇਵਾਦਾਰ ਅਤੇ ਇਕ ਸੁਪਰਵਾਈਜ਼ਰ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਹੈ। ਉਸ ਨੂੰ ਸੱਤ ਦਿਨਾਂ ਦੇ ਅੰਦਰ ਸਪੱਸ਼ਟੀਕਰਨ ਦੇਣਾ ਪਵੇਗਾ।

# ਗਾਜ਼ੀਆਬਾਦ ਦੀ ਅਦਾਲਤ ਵਿਚ ਜੱਜ ਤੇ ਵਕੀਲਾਂ ਦੀ ਆਪਸੀ ਝੜਪ ਵਿਚ ਅਦਾਲਤ 'ਚ ਸੁੱਟੀਆਂ ਕੁਰਸੀਆਂ

ਗਾਜ਼ੀਆਬਾਦ, 29 ਅਕਤੂਬਰ (ਪੋਸਟ ਬਿਊਰੋ): ਉੱਤਰ ਪ੍ਰਦੇਸ਼ ਦੇ ਗਾਜ਼ੀਆਬਾਦ ਜ਼ਿਲ੍ਹਾ ਜੱਜ ਦੀ ਅਦਾਲਤ 'ਚ ਮੰਗਲਵਾਰ ਨੂੰ ਸੁਣਵਾਈ ਦੌਰਾਨ ਹੰਗਾਮਾ ਹੋ ਗਿਆ। ਜੱਜ ਅਤੇ ਵਕੀਲਾਂ ਵਿਚਾਲੇ ਝੜਪ ਹੋ ਗਈ। ਇਸ ਤੋਂ ਬਾਅਦ ਵਕੀਲਾਂ ਨੇ ਹੰਗਾਮਾ ਕਰ ਦਿੱਤਾ। ਜੱਜ 'ਤੇ ਕੁਰਸੀਆਂ ਸੁੱਟੀਆਂ ਗਈਆਂ। ਜੱਜ ਨੇ ਪੁਲਿਸ ਨੂੰ ਬੁਲਾਇਆ।

ਪੁਲਿਸ ਨੇ ਵਕੀਲਾਂ 'ਤੇ ਲਾਠੀਚਾਰਜ ਕਰਕੇ ਉਨ੍ਹਾਂ ਨੂੰ ਭਜਾਇਆ। ਇਸ ਤੋਂ ਨਾਰਾਜ਼ ਵਕੀਲਾਂ ਨੇ ਅਦਾਲਤ ਦੀ ਪੁਲਿਸ



ਚੌਂਕੀ ਦੀ ਭੰਨਤੋੜ ਕੀਤੀ। ਇਸ ਤੋਂ ਬਾਅਦ ਚੌਂਕੀ ਨੂੰ ਅੱਗ ਲਗਾ ਦਿੱਤੀ ਗਈ। ਫਿਲਹਾਲ ਵਕੀਲ ਅਦਾਲਤ ਦੇ ਬਾਹਰ ਹੜਤਾਲ 'ਤੇ ਬੈਠੇ ਹਨ। ਜੱਜ ਖਿਲਾਫ਼ ਨਾਅਰੇਬਾਜ਼ੀ ਕੀਤੀ।

ਇਸ ਦੁਰਵਿਵਹਾਰ ਦੇ ਖਿਲਾਫ ਜੱਜਾਂ ਨੇ ਵੀ ਆਪਣਾ ਕੰਮ ਬੰਦ ਕਰ ਦਿੱਤਾ ਹੈ। ਸਾਰਾ ਮਾਮਲਾ ਜ਼ਿਲ੍ਹਾ ਜੱਜ ਅਦਾਲਤ ਦਾ ਹੈ। ਇੱਥੇ ਇੱਕ ਵਿਅਕਤੀ ਦੀ ਜ਼ਮਾਨਤ ਸਬੰਧੀ ਸੁਣਵਾਈ ਚੱਲ ਰਹੀ ਸੀ। ਪਹਿਲਾਂ ਤਾਂ ਗਹਿਮਾ ਗਹਿਮੀ ਹੋਈ। ਫਿਰ ਮਾਮਲਾ ਹੋਰ ਵਧ ਗਿਆ। ਇਸ ਨੂੰ ਲੈ ਕੇ ਜੱਜ ਅਤੇ ਵਕੀਲਾਂ ਵਿਚਕਾਰ ਤਿੱਖੀ ਬਹਿਸ ਹੋਈ। ਇਸ ਤੋਂ ਬਾਅਦ ਜ਼ਿਲ੍ਹਾ ਜੱਜ ਨੇ ਪੁਲਿਸ ਅਤੇ ਪੀ.ਏ.ਸੀ. ਬੁਲਾਈ।

ਇਸ ਸਾਰੀ ਘਟਨਾ ਦਾ ਵੀਡੀਓ ਵੀ ਸਾਹਮਣੇ ਆਇਆ ਹੈ। ਇਸ 'ਚ ਪੁਲਿਸ ਨੂੰ ਵਕੀਲਾਂ 'ਤੇ ਲਾਠੀਚਾਰਜ ਕਰਦੇ ਵੇਖਿਆ ਜਾ ਸਕਦਾ ਹੈ। ਇੱਕ ਪੁਲਿਸ ਮੁਲਾਜ਼ਮ ਕੁਰਸੀ ਚੁੱਕਦਾ ਵੀ ਨਜ਼ਰ ਆ ਰਿਹਾ ਹੈ। ਵਕੀਲਾਂ ਦਾ ਦੋਸ਼ ਹੈ ਕਿ ਜ਼ਿਲ੍ਹਾ ਜੱਜ ਨੇ ਅਦਾਲਤ ਦੇ ਕਮਰੇ ਵਿੱਚ ਚਾਰੋਂ ਪਾਸਿਓਂ ਦਰਵਾਜ਼ੇ ਬੰਦ ਕਰਕੇ ਉਨ੍ਹਾਂ ਦੀ ਕੁੱਟਮਾਰ ਕੀਤੀ। ਇਸ ਵਿੱਚ ਕਈ ਜ਼ਖ਼ਮੀ ਵੀ ਹੋਏ ਹਨ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਰਾਮਗੜ੍ਹੀਆ ਸਿੱਖ ਲੜਕਾ, 26 ਸਾਲ, 5ਫੁੱਟ, 9ਇੰਚ, ਵਰਕ ਪਰਮਿਟ, ਟਰੱਕ ਡਰਾਈਵਰ, ਨਾਨਡ੍ਰਿੰਕਿੰਗ ਲਈ, ਪੀ.ਆਰ./ਸਿਟੀਜ਼ਨ ਲੜਕੀ ਦੀ ਲੋੜ। ਸੰਪਰਕ: sukh25125@gmail.com ਜਾਂ ਵਟਸਐਪ +16723355016, ਕੋਈ ਜਾਤੀ ਬੰਧਨ ਨਹੀਂ। ਮੈਰਿਜ ਬਿਊਰੋ ਵਾਲੇ ਮੁਆਫ ਕਰਨ।

ਲੁਬਾਣਾ ਸਿੱਖ, 1989 ਕਲੀਨਸ਼ੇਵ, ਗੋਰਾ ਰੰਗ, ਕੱਦ 5'8, ਕੈਨੇਡਾ ਵਿੱਚ ਸਥਾਈ ਨਿਵਾਸੀ (**Italian citizen**) ਲਈ ਖੂਬਸੂਰਤ ਅਤੇ ਪੜ੍ਹੀ ਲਿਖੀ ਲੜਕੀ ਦੀ ਲੋੜ। ਸੰਪਰਕ- 647-449-6746 ਜਾਂ 250-793-0527

Well Settled **Ramgarhia Family** in Winnipeg looking for a suitable match for their son **(Canadian citizenship)**, 33-year-old, 5-10, clean shaved. Currently working in the financing business. **Call at 204-510-7658 or 204-979-0021.**

Sikh Tonk kashtriya Boy Feb/1993 Born, height 5.11", B.tech in computer science, On work permit PR applied. Working as a supervisor. Looking for beautiful PR/Work permit/ Study permit girl. Caste No Bar. Whatsapp or Call at +91 9417272807, +12269787777

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 10 ਇੰਚ, ਲੜਕੇ ਦੀ ਇਕ ਭੈਣ ਹੈ, ਆਟੋਮੋਟਿਵ ਪਾਵਰ ਟੈਕਨੀਸ਼ੀਅਨ, ਆਟੋਮੋਬਾਇਲ ਇੰਡਸਟਰੀ ਵਿਚ ਮਿਕੈਨਿਕ ਦੇ ਤੌਰ 'ਤੇ ਕੰਮ ਕਰ ਰਿਹਾ ਹੈ, ਕੈਨੇਡੀਅਨ ਪੀਆਰ ਹੈ, ਲਈ ਜੱਟ ਸਿੱਖ, ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਲੜਕੀ ਕੈਨੇਡਾ ਵਿਚ ਵਰਕ ਪਰਮਿਟ ਉਤੇ ਹੋਵੇ, ਸਟੱਡੀ ਪਰਮਿਟ ਉਤੇ ਜਾਂ ਪੀਆਰ ਹੋਲਡਰ ਹੋਵੇ। ਸੰਪਰਕ: (289) 380-6898

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ। ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ। ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

## ਲੜਕੀ ਦੀ ਲੋੜ

ਕੈਨੇਡੀਅਨ ਸਿਟੀਜ਼ਨ, ਕੈਨੇਡਾ ਦੇ ਦੋ ਸੂਬਿਆਂ ਵਿਚ ਸਫ਼ਲ ਸਥਾਪਿਤ ਆਪਣਾ ਕਾਰੋਬਾਰ ਕਰਦੇ ਵੈੱਲ ਸੈਟਲਡ ਪਰਿਵਾਰ ਦੇ ਕੈਨੇਡਾ ਵਿਚ 16 ਸਾਲ ਤੋਂ ਰਹਿ ਰਹੇ ਲੜਕੇ, ਉਮਰ 32 ਸਾਲ, ਕੱਦ 5 ਫੁੱਟ, 10 ਇੰਚ, ਲਈ ਯੋਗ ਲੜਕੀ ਦੀ ਜ਼ਰੂਰਤ। ਸੰਪਰਕ ਕਰੋ: 204-510-7658 ਜਾਂ 437-881-7282

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈੱਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ। ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

## ਲੜਕੇ ਦੀ ਲੋੜ

ਜੱਟ ਸਿੱਖ ਸਿੱਧੂ ਪਰਿਵਾਰ ਦੀ ਲੜਕੀ, 28 ਸਾਲ, 5'6", ਕੇਨੈਡਾ ਵਿੱਚ ਵਿਜ਼ਟਰ ਵੀਜ਼ੇ 'ਤੇ ਰਹਿ ਰਹੀ ਲੜਕੀ ਲਈ ਕੈਨੇਡੀਅਨ ਸਿਟੀਜਨ/ਪੀ.ਆਰ. ਜੱਟ ਸਿੱਖ ਲੜਕੇ ਦੀ ਜ਼ਰੂਰਤ। ਸੰਪਰਕ: 647-203-7573

ਕੈਨੇਡਾ (ਬਰੈਪਟਨ) ਪੀ ਆਰ ਦਰਜੀ ਸਿੰਘ (ਛੀਂਬਾ) ਤਲਾਕਸ਼ੁਦਾ ਲੜਕੀ B.Sc.Nursing, 33 ਸਾਲ 5' 2" ਲਈ ਪਗੜੀਧਾਰੀ ਲੜਕੇ ਦੀ ਲੋੜ। +919417939114

Need suitable match for 58 years old Hindu (Khatri) lady (Non Manglik), Height 5'3". Seeking a trustworthy man upto 65 years. Contact :- 647-323-5428.

Qualified match for beautiful never married Punjabi Khatri girl 5'7" 35 years Software Engineer at Toronto .Canada PR. Well settled in IT job . Good family.call +16475649350 email marti.mail.20@gmail.com

Saini Sikh family seeks a suitable match for their beautiful daughter, born and raised in Canada, 36 years old, slim, 5'4" tall, has a bachelor's degree, has a good job, divorced after short marriage. The boy should be educated, well settled, handsome, Canadian born. Please send bio-data and pictures on whatsapp. Phone :- 437-288-6010. Caste no bar.

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

## ਲੜਕੇ ਦੀ ਲੋੜ

ਗਿੱਲ ਜੱਟ ਸਿੱਖ, 1992, ਇਕਲੌਤੀ, B.Tech. ਲੜਕੀ ਲਈ ਗੁਰਸਿੱਖ ਕੈਨੇਡੀਅਨ ਸੈਟਲਡ ਪਰਿਵਾਰ ਦੇ ਲੜਕੇ ਦੀ ਲੋੜ। ਸੰਪਰਕ: 9464034653, 2364582228

ਜੱਟ ਸਿੱਖ ਲੜਕੀ, ਉਮਰ 27 ਸਾਲ, ਕੱਦ 5 ਫੁੱਟ 4", ਬੀ.ਏ ਪਾਸ, ਹੇਅਰ ਐਂਡ ਸਕਿੰਨ ਕੇਅਰ ਡਿਪਲੋਮਾ (ਆਈ. ਟੀ.ਆਈ) ਕੰਪਿਊਟਰ ਡਿਪਲੋਮਾ ਇੱਕ ਸਾਲ ਕੀਤਾ ਹੋਇਆ, ਵਿਜ਼ਟਰ ਵੀਜ਼ੇ 'ਤੇ ਕੇਨੈਡਾ ਆਈ ਹੋਈ, ਲਈ ਕੈਨੇਡੀਅਨ ਜੱਟ ਸਿੱਖ ਪੀ.ਆਰ ਲੜਕੇ ਦੀ ਲੋੜ। ਸੰਪਰਕ: 1-905-451-1716, +919876533403

ਕੈਨੇਡਾ ਪੀ ਆਰ ਲੜਕੀ ਲਈ ਵਰ ਦੀ ਲੋੜ, 1991/5'3", ਲਈ ਸ਼ੁਧ ਵੈਸ਼ਨੂੰ ਲੜਕੇ ਦੀ ਲੋੜ। ਕੈਨੇਡਾ ਨੂੰ ਪਹਿਲ। ਸੰਪਰਕ: 9855238175

ਜੱਟ ਸਿੱਖ 1996/5'-3'', ਇੰਟਰਨੈਸ਼ਨਲ ਬਿਜ਼ਨੈੱਸ ਮੈਨੇਜਮੈਂਟ (ਕੈਨੇਡਾ ਪੀ-ਆਰ) ਲੜਕੀ ਲਈ ਕੈਨੇਡਾ ਪੀਆਰ/ਨਾਨ-ਪੀਆਰ ਲੜਕਾ ਚਾਹੀਦਾ ਹੈ। ਮਾਲਵੇ ਨੂੰ ਤਰਜੀਹ। ਸੰਪਰਕ: 9478403300

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈੱਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜ਼ਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal
Co-Host
Iqbal Mahal
Producer & Host
Serving the South Asian Community Since 1976

(905)793-2202
You can Place Your Business Here
To Reach Wider Audience
For more info Call 905-793-2202 or e-mail ads@punjabipost.ca

Allseas Fisheries Inc. is Hiring!
DZ licensed delivery drivers needed.
Pay is $24/hour. Full time, permanent
Should work any day of the week, including weekends.
If interested, please forward resume to rgidda@allseas.net

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

ਸੈਲ ਐਡ ਫਿਕਸ
ਟ੍ਰਕ ਡਰਾਇਵਰਾਂ ਤੇ ਸਟੂਡੈਂਟਾਂ ਲਈ ਧਮਾਕੇਦਾਰ ਤੇ ਸਸਤੇ ਫੋਨ ਪਲੈਨ।
ਫੋਨ: 905-790-9999
2565 Steeles Ave E unit 3, Brampton, ON L6T 4L6

# ਕਿਸੇ ’ਤੇ ਚੀਕਣਾ ਅਤੇ ਧਮਕੀ ਦੇਣਾ ਹਮਲਾ ਕਰਨ ਦੇ ਜੁਰਮ ਬਰਾਬਰ ਨਹੀਂ ਹੁੰਦਾ : ਸੁਪਰੀਕ ਕੋਰਟ



ਨਵੀਂ ਦਿੱਲੀ, 29 ਅਕਤੂਬਰ (ਪੋਸਟ ਬਿਊਰੋ): ਸੁਪਰੀਮ ਕੋਰਟ ਨੇ ਕਿਹਾ ਹੈ ਕਿ ਕਿਸੇ ’ਤੇ ਚੀਕਣਾ ਅਤੇ ਧਮਕੀ ਦੇਣਾ ਹਮਲਾ ਕਰਨ ਦੇ ਜੁਰਮ ਬਰਾਬਰ ਨਹੀਂ ਮੰਨਿਆ ਜਾਂਦਾ। ਜਸਟਿਸ ਸੁਧਾਂਸ਼ੂ ਧੂਲੀਆ ਅਤੇ ਜਸਟਿਸ ਅਹਿਸਾਨੁੱਦੀਨ ਅਮਾਨੁੱਲਾ ਦੀ ਡਿਵੀਜ਼ਨ ਬੈਂਚ ਨੇ ਇਕ ਮਾਮਲੇ ਦੀ ਸੁਣਵਾਈ ਕੀਤੀ, ਜਿਸ ਵਿਚ ਇੰਡੀਅਨ ਇੰਸਟੀਚਿਊਟ ਆਫ ਐਸਟ੍ਰੋਫਿਜ਼ਕਿਸ ਦੇ ਇਕ ਕਰਮਚਾਰੀ ਵਿਰੁਧ ਭਾਰਤੀ ਦੰਡਾਵਲੀ ਦੀ ਧਾਰਾ 353 (ਹਮਲਾ) ਤਹਿਤ ਐੱਫ.ਆਈ.ਆਰ. ਦਰਜ ਕੀਤੀ ਗਈ ਸੀ।

ਸੁਪਰੀਮ ਕੋਰਟ ਨੇ ਭਾਰਤੀ ਦੰਡਾਵਲੀ ਦੀ ਧਾਰਾ 353 ਦੇ ਤਹਿਤ, ਹਮਲੇ ਨੂੰ ਇਸ ਤਰ੍ਹਾਂ ਪਰਿਭਾਸ਼ਿਤ ਕਰਦਿਆਂ ਕਿਹਾ ਕਿ 353 ਹਮਲਾ ਜਿਹੜਾ ਕੋਈ ਵੀ ਇਸ਼ਾਰਾ ਜਾਂ ਕੋਈ ਤਿਆਰੀ ਕਰਦਾ ਹੈ, ਜਿਸ ਦਾ ਮਕਸਦ ਜਾਂ ਇਹ ਜਾਣਨਾ ਹੈ ਕਿ ਇਸ ਤਰ੍ਹਾਂ ਦੇ ਇਸ਼ਾਰੇ ਜਾਂ ਤਿਆਰੀ ਨਾਲ ਮੌਜੂਦ ਕਿਸੇ ਵੀ ਵਿਅਕਤੀ ਨੂੰ ਸ਼ੱਕ ਹੋਵੇਗਾ ਕਿ ਉਹ ਇਸ਼ਾਰੇ ਜਾਂ ਤਿਆਰੀ ਕਰਨ ਵਾਲਾ ਵਿਅਕਤੀ ਉਸ ਵਿਅਕਤੀ ’ਤੇ ਅਪਰਾਧਕ ਤਾਕਤ ਦੀ ਵਰਤੋਂ ਕਰਨ ਵਾਲਾ ਹੈ, ਉਸ ਨੂੰ ਹਮਲਾਵਰ ਕਿਹਾ ਜਾਂਦਾ ਹੈ।

ਰੀਕਾਰਡ ’ਤੇ ਸਾਰੀ ਸ਼ਿਕਾਇਤ ’ਤੇ ਗੌਰ ਕਰਨ ਤੋਂ ਬਾਅਦ ਅਦਾਲਤ ਨੇ ਕਿਹਾ ਕਿ ਹਾਈ ਕੋਰਟ ਨੇ ਐਫ.ਆਈ.ਆਰ. ਰੱਦ ਕਰਨ ਤੋਂ ਇਨਕਾਰ ਕਰ ਕੇ ਗਲਤੀ ਕੀਤੀ ਕਿਉਂਕਿ ਆਈ.ਪੀ.ਸੀ. ਦੀ ਧਾਰਾ 353 ਦੇ ਤਹਿਤ ਹਮਲੇ ਦੇ ਅਪਰਾਧ ਦੀ ਕੋਈ ਵੀ ਸਮੱਗਰੀ ਇਸ ਮਾਮਲੇ ’ਚ ਪੂਰੀ ਨਹੀਂ ਸੀ।

ਅਦਾਲਤ ਨੇ ਕਿਹਾ ਕਿ ਉਕਤ ਸ਼ਿਕਾਇਤ ’ਚ ਅਪੀਲਕਰਤਾ ਵਿਰੁਧ ਇਕੋ-ਇਕ ਦੋਸ਼ ਹੈ ਕਿ ਉਹ ਸਟਾਫ ਨੂੰ ਚੀਕ ਰਿਹਾ ਸੀ ਅਤੇ ਧਮਕੀਆਂ ਦੇ ਰਿਹਾ ਸੀ। ਇਹ ਅਪਣੇ ਆਪ ’ਚ ਕਿਸੇ ਵੀ ਤਰ੍ਹਾਂ ਦਾ ਹਮਲਾ ਨਹੀਂ ਮੰਨਿਆ ਜਾਵੇਗਾ। ਸਾਡੇ ਵਿਚਾਰ ’ਚ, ਹਾਈਕੋਰਟ ਨੇ ਇਸ ਮਾਮਲੇ ’ਚ ਦਖਲ ਨਾ ਦੇ ਕੇ ਗਲਤੀ ਕੀਤੀ। ਇਹ ਇਕ ਅਜਿਹਾ ਮਾਮਲਾ ਹੈ ਜੋ ਕਾਨੂੰਨ ਦੀ ਪ੍ਰਕਿਰਿਆ ਦੀ ਦੁਰਵਰਤੋਂ ਤੋਂ ਇਲਾਵਾ ਕੁੱਝ ਨਹੀਂ ਹੈ। ਇਸ ਲਈ, ਨਿਆਂ ਦੇ ਉਦੇਸ਼ਾਂ ਦੀ ਪੂਰਤੀ ਲਈ, ਅਸੀਂ ਇਸ ਅਪੀਲ ਨੂੰ ਮਨਜ਼ੂਰ ਕਰਦੇ ਹਾਂ। ਅਪੀਲਕਰਤਾ ਵਿਰੁਧ ਸ਼ੁਰੂ ਕੀਤੀ ਗਈ ਸਾਰੀ ਕਾਰਵਾਈ ਨੂੰ ਰੱਦ ਕੀਤਾ ਜਾਵੇ।

# ਏਜ਼ੀਟੀਐੱਫ. ਨੇ ਉੱਤਰ ਪ੍ਰਦੇਸ਼ ਪੁਲਿਸ ਨਾਲ ਸਾਂਝੇ ਆਪ੍ਰੇਸ਼ਨ ਦੌਰਾਨ ਵੱਖ-ਵੱਖ ਸਨਸਨੀਖੇਜ ਕਤਲ ਕੇਸਾਂ ਵਿੱਚ ਸ਼ਾਮਿਲ ਦੋ ਸ਼ੂਟਰਾਂ ਨੂੰ ਕੀਤਾ ਗ੍ਰਿਫ਼ਤਾਰ

* ਦੋਵੇਂ ਮੁਲਜ਼ਮ ਲਖਨਊ ਵਿਖੇ ਆਪਣੇ ਵਿਦੇਸ਼ੀ ਹੈਂਡਲਰਾਂ ਵੱਲੋਂ ਪ੍ਰਦਾਨ ਕੀਤੀ ਗਈ ਇੱਕੋ ਛੁਪਣਗਾਹ ਵਿੱਚ ਰਹਿ ਰਹੇ ਸਨ : ਡੀਜੀਪੀ ਗੌਰਵ ਯਾਦਵ

* ਗ੍ਰਿਫ਼ਤਾਰ ਕੀਤੇ ਗਏ ਦੋਵੇਂ ਵਿਅਕਤੀਆਂ ਦਾ ਪੁਰਾਣਾ ਅਪਰਾਧਕ ਰਿਕਾਰਡ, ਦੋਵਾਂ ਖਿਲਾਫ਼ ਕਈ ਗੰਭੀਰ ਅਪਰਾਧਿਕ ਮਾਮਲੇ ਦਰਜ



ਚੰਡੀਗੜ੍ਹ, 29 ਅਕਤੂਬਰ (ਪੋਸਟ ਬਿਊਰੋ): ਸੰਗਠਿਤ ਅਪਰਾਧ ਵਿਰੁੱਧ ਅਹਿਮ ਸਫ਼ਲਤਾ ਹਾਸਲ ਕਰਦਿਆਂ ਪੰਜਾਬ ਪੁਲਿਸ ਦੀ ਐਂਟੀ ਗੈਂਗਸਟਰ ਟਾਸਕ ਫੋਰਸ (ਏਜੀਟੀਐਫ) ਨੇ ਉੱਤਰ ਪ੍ਰਦੇਸ਼ ਪੁਲਿਸ ਨਾਲ ਸਾਂਝੇ ਆਪ੍ਰੇਸ਼ਨ ਦੌਰਾਨ ਲਖਨਊ ਤੋਂ ਵਿਦੇਸ਼ੀ ਹੈਂਡਲਰਾਂ ਦੀ ਹਮਾਇਤ ਪ੍ਰਾਪਤ ਦੋ ਬਦਨਾਮ ਸ਼ੂਟਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਹ ਦੋਵੇਂ ਸ਼ੂਟਰ ਪੰਜਾਬ ਵਿੱਚ ਵੱਖ-ਵੱਖ ਸਨਸਨੀਖੇਜ਼ ਕਤਲ ਕੇਸਾਂ ਵਿੱਚ ਲੋੜੀਂਦੇ ਸਨ। ਇਹ ਜਾਣਕਾਰੀ ਅੱਜ ਇੱਥੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ।

ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਦੀ ਪਛਾਣ ਬਿਕਰਮਜੀਤ ਉਰਫ਼ ਵਿੱਕੀ ਵਾਸੀ ਪਿੰਡ ਸੁਰ ਸਿੰਘ, ਤਰਨਤਾਰਨ ਅਤੇ ਪੰਜਾਬ ਸਿੰਘ ਵਾਸੀ ਪਿੰਡ ਸਾਂਧਰਾ, ਤਰਨਤਾਰਨ ਵਜੋਂ ਹੋਈ ਹੈ। ਇਹ ਦੋਵੇਂ ਲਖਨਊ ਵਿੱਚ ਆਪਣੇ ਵਿਦੇਸ਼ੀ ਹੈਂਡਲਰਾਂ ਵੱਲੋਂ ਦਿੱਤੇ ਗਏ ਕਿਰਾਏ ਦੇ ਮਕਾਨ ਵਿੱਚ ਰਹਿ ਰਹੇ ਸਨ।

ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਗ੍ਰਿਫ਼ਤਾਰ ਮੁਲਜ਼ਮ ਵਿੱਕੀ 1 ਮਾਰਚ, 2024 ਨੂੰ ਤਰਨ ਤਾਰਨ ਵਿਖੇ ਗੋਪੀ ਚੋਹਲਾ ਦੇ ਗੋਲੀ ਮਾਰ ਕੇ ਕੀਤੇ ਕਤਲ ਵਿੱਚ ਸ਼ਾਮਲ ਸੀ, ਜਦੋਂ ਕਿ ਪੰਜਾਬ ਸਿੰਘ ਸਤੰਬਰ 2024 ਵਿੱਚ ਫਿਰੋਜ਼ਪੁਰ ਵਿਖੇ ਦਿਲਦੀਪ ਸਿੰਘ ਅਤੇ ਉਸਦੇ ਦੋ ਰਿਸ਼ਤੇਦਾਰਾਂ ਦੇ ਹੋਏ ਦਿਨ-ਦਿਹਾੜੇ ਤੀਹਰੇ ਕਤਲ ਕੇਸ ਵਿੱਚ ਮੁੱਖ ਮੁਲਜ਼ਮ ਹੈ।

ਜਾਣਕਾਰੀ ਮੁਤਾਬਕ, 3 ਸਤੰਬਰ ਨੂੰ ਦੁਪਹਿਰ 12:50 ਵਜੇ ਦੇ ਕਰੀਬ ਜਦੋਂ ਦਿਲਦੀਪ ਸਿੰਘ, ਅਨਮੋਲਪ੍ਰੀਤ ਸਿੰਘ, ਜਸਪ੍ਰੀਤ ਕੌਰ, ਅਕਾਸ਼ਦੀਪ ਅਤੇ ਹਰਪ੍ਰੀਤ ਉਰਫ਼ ਜੌਂਟੀ ਗੁਰਦੁਆਰਾ ਸ੍ਰੀ ਅਕਾਲਗੜ੍ਹ ਸਾਹਿਬ, ਕੰਬੋਜ ਨਗਰ, ਫਿਰੋਜ਼ਪੁਰ ਸ਼ਹਿਰ ਨੇੜੇ ਕਾਰ ਵਿੱਚ ਜਾ ਰਹੇ ਸਨ ਉਦੋਂ 6 ਅਣਪਛਾਤੇ ਹਮਲਾਵਰਾਂ ਨੇ ਉਨ੍ਹਾਂ ’ਤੇ ਅੰਨ੍ਹੇਵਾਹ ਗੋਲੀਆਂ ਚਲਾ ਦਿੱਤੀਆਂ। ਇਸ ਘਟਨਾ ਵਿੱਚ ਦਿਲਦੀਪ ਸਿੰਘ ਉਰਫ਼ ਲਾਲੀ, ਅਕਾਸ਼ਦੀਪ ਸਿੰਘ ਅਤੇ ਉਨ੍ਹਾਂ ਦੀ ਭੈਣ ਜਸਪ੍ਰੀਤ ਕੌਰ ਦੀ ਮੌਤ ਹੋ ਗਈ ਅਤੇ ਦੋ ਹੋਰ ਅਨਮੋਲਪ੍ਰੀਤ ਸਿੰਘ ਅਤੇ ਹਰਪ੍ਰੀਤ ਸਿੰਘ ਜ਼ਖ਼ਮੀ ਹੋ ਗਏ।

ਜ਼ਿਕਰਯੋਗ ਹੈ ਕਿ ਇਸ ਤੀਹਰੇ ਕਤਲ ਕਾਂਡ ਵਿੱਚ ਸ਼ਾਮਲ ਛੇ ਮੁਲਜ਼ਮਾਂ ਨੂੰ ਇਸ ਕਾਂਡ ਦੇ ਸੱਤ ਦਿਨਾਂ ਦੇ ਅੰਦਰ ਹੀ ਪੰਜਾਬ ਪੁਲਿਸ ਨੇ ਮਹਾਰਾਸ਼ਟਰ ਦੇ ਔਰੰਗਾਬਾਦ ਸਥਿਤ ਹਿਰਦੇ ਸਮਰਾਟ ਬਾਲਾ ਸਾਹਿਬ ਠਾਕਰੇ ਐਕਸਪ੍ਰੈਸ ਹਾਈਵੇਅ ਤੋਂ ਗ੍ਰਿਫ਼ਤਾਰ ਕਰ ਲਿਆ ਸੀ, ਜਦਕਿ ਦੋਸ਼ੀ ਪੰਜਾਬ ਸਿੰਘ ਫਰਾਰ ਸੀ।

ਡੀਜੀਪੀ ਨੇ ਦੱਸਿਆ ਕਿ ਫੜੇ ਗਏ ਦੋਵੇਂ ਮੁਲਜ਼ਮਾਂ ਦਾ ਪੁਰਾਣਾ ਅਪਰਾਧਕ ਰਿਕਾਰਡ ਹੈ ਅਤੇ ਮੁਲਜ਼ਮ ਵਿੱਕੀ ਕਤਲ, ਡਕੈਤੀ ਅਤੇ ਐਨਡੀਪੀਐਸ ਐਕਟ ਸਮੇਤ 12 ਅਪਰਾਧਕ ਮਾਮਲਿਆਂ ਦਾ ਸਾਹਮਣਾ ਕਰ ਰਿਹਾ ਹੈ, ਜਦਕਿ ਮੁਲਜ਼ਮ ਪੰਜਾਬ ਸਿੰਘ ਖ਼ਿਲਾਫ਼ ਕਤਲ, ਐਨਡੀਪੀਐਸ ਐਕਟ, ਆਰਮਜ਼ ਐਕਟ ਅਤੇ ਬਲਾਤਕਾਰ ਨਾਲ ਸਬੰਧਤ ਚਾਰ ਅਪਰਾਧਕ ਮਾਮਲੇ ਦਰਜ ਹਨ। ਉਨ੍ਹਾਂ ਦੱਸਿਆ ਕਿ ਪੁਲਿਸ ਟੀਮਾਂ ਨੇ ਮੁਲਜ਼ਮਾਂ ਦੀ ਚਿੱਟੇ ਰੰਗ ਦੀ ਹੁੰਡਈ ਅਲਕਾਜ਼ਾਰ (ਪੀਬੀ 60 ਡੀ 0036) ਗੱਡੀ ਨੂੰ ਵੀ ਜ਼ਬਤ ਕਰ ਲਿਆ ਹੈ।

ਉਨ੍ਹਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਦੋਵੇਂ ਅਪਰਾਧਾਂ ਵਿੱਚ ਵਰਤੇ ਗਏ ਹਥਿਆਰਾਂ ਦੀ ਬਰਾਮਦਗੀ ਹੋਣ ਦੀ ਉਮੀਦ ਹੈ। ਉਨ੍ਹਾਂ ਅੱਗੇ ਕਿਹਾ ਕਿ ਇਸ ਮਾਮਲੇ ਦੇ ਅਗਲੇ-ਪਿਛਲੇ ਸਬੰਧਾਂ ਦਾ ਪਤਾ ਲਗਾਉਣ ਲਈ ਅਗਲੇਰੀ ਜਾਂਚ ਜਾਰੀ ਹੈ।

ਆਪ੍ਰੇਸ਼ਨ ਦੇ ਵੇਰਵੇ ਸਾਂਝੇ ਕਰਦਿਆਂ ਏਡੀਜੀਪੀ ਏਜੀਟੀਐਫ ਪ੍ਰਮੋਦ ਬਾਨ ਨੇ ਦੱਸਿਆ ਕਿ ਉਨ੍ਹਾਂ ਨੂੰ ਉੱਤਰ ਪ੍ਰਦੇਸ਼ ਦੇ ਲਖਨਊ ਜ਼ਿਲ੍ਹੇ ਵਿੱਚ ਸਰਗਰਮ ਦੋ ਸ਼ੂਟਰਾਂ ਦੀਆਂ ਸੰਭਾਵਿਤ ਛੁਪਣਗਾਹਾਂ ਅਤੇ ਵਾਹਨਾਂ ਦੇ ਵੇਰਵਿਆਂ ਬਾਰੇ ਖੁਫ਼ੀਆ ਜਾਣਕਾਰੀ ਮਿਲੀ ਸੀ।

ਉਨ੍ਹਾਂ ਦੱਸਿਆ ਕਿ ਪ੍ਰਾਪਤ ਜਾਣਕਾਰੀ ਦੇ ਆਧਾਰ ’ਤੇ ਤੇਜ਼ੀ ਨਾਲ ਕਾਰਵਾਈ ਕਰਦਿਆਂ ਏਆਈਜੀ ਏਜੀਟੀਐਫ ਸੰਦੀਪ ਗੋਇਲ ਦੀ ਨਿਗਰਾਨੀ ਹੇਠ ਏਜੀਟੀਐਫ ਦੀਆਂ ਟੀਮਾਂ ਨੇ ਲਖਨਊ ਪੁਲਿਸ ਨਾਲ ਜਾਣਕਾਰੀ ਸਾਂਝੀ ਕੀਤੀ ਅਤੇ ਡੀਐਸਪੀ ਬਿਕਰਮਜੀਤ ਬਰਾੜ ਅਤੇ ਇੰਸਪੈਕਟਰ ਪੁਸ਼ਵਿੰਦਰ ਸਿੰਘ ਦੀ ਅਗਵਾਈ ਹੇਠ ਏਜੀਟੀਐਫ ਦੀਆਂ ਜੁਆਇੰਟ ਟੀਮਾਂ ਨੇ ਲਖਨਊ ਪੁਲਿਸ ਨਾਲ ਮਿਲ ਕੇ ਦੋਵੇਂ ਸ਼ੂਟਰਾਂ ਨੂੰ ਲਖਨਊ ਦੇ ਇੰਦਰਾ ਨਗਰ ਤੋਂ ਸਫ਼ਲਤਾਪੂਰਵਕ ਗ੍ਰਿਫਤਾਰ ਕਰ ਲਿਆ।






# ਦੀਵਾਲੀ ਦੀ ਰਾਤ ਦੀਵੇ ਬਾਲਿਅਨ

ਅਮਰਜੀਤ ਕੌਰ
ਸੇਵਾ ਮੁਕਤ ਸਟੇਟ ਐਵਾਰਡੀ
ਮੁੱਖ ਅਧਿਆਪਕਾ



ਭਾਈ ਗੁਰਦਾਸ ਵਲੋਂਰਚਿੱਤ ਇਸ ਪਉੜੀ ਦੀ ਪਹਿਲੀ ਤੁੱਕ ਦਾ ਅਰਥ ਹੈ ਕਿ ਦੀਵਾਲੀ ਦੀ ਰਾਤ ਨੂੰ ਲੋਕ ਦੀਵੇ ਬਾਲਦੇ ਹਨ। ਵੈਸੇ ਵੀ ਅਸੀਂ ਜਾਣਦੇ ਹਾਂ ਕਿ ਦੀਵਾਲੀ ਵੱਡੇ ਤਿਉਹਾਰਾਂ ਵਿੱਚ ਗਿਣਿਆ ਜਾਂਦਾ ਹੈ। ਉਂਝ ਤਾ ਤਿਉਹਾਰ ਸਾਰੇ ਸੰਸਾਰ ਵਿੱਚ ਮਨਾਏ ਜਾਂਦੇ ਹਨ। ਹਰੇਕ ਤਿਉਹਾਰ ਦੇ ਆਪਣੇ ਆਪਣੇ ਪਹਿਲੂ ਹੁੰਦੇ ਹਨ। ਇਹ ਮੌਸਮ ਨਾਲ,ਕਿਸੇ ਵਿਅਕਤੀ ਵਿਸ਼ੇਸ਼ ਨਾਲ ,ਘਟਨਾ ਵਿਸ਼ੇਸ਼ ਨਾਲ,ਇਤਿਹਾਸਜਾਂ ਮਿਥਿਹਾਸ ਨਾਲ ਜਾਂ ਕਿਸੇ ਵਹਿਮ ਭਰਮ ਨਾਲ ਜੁੜੇ ਹੋ ਸਕਦੇ ਹਨ। ਦੀਵਾਲੀ ਦਾ ਤਾਂ ਇਹਨਾਂ ਸਭਨਾਂ ਨਾਲ ਹੀ ਜੋੜ ਹੈ। ਦੀਵਾਲੀ ਦਾ ਪਿਛੋਕੜ ਹੈ ਕਿ ਸਰਦੀ ਦੇ ਸ਼ੁਰੂ ਵਿੱਚ ਕੱਤਕ ਦੀ ਮੱਸਿਆ ਵਾਲੇ ਦਿਨ ਲੋਕ ਰਲ ਮਿਲ ਕੇ ਖੁਸ਼ੀ ਮਨਾਉਣ ਵਾਸਤੇ ਦੀਵੇ ਬਾਲ ਕੇ ਰੋਸ਼ਨੀ ਕਰਿਆ ਕਰਦੇ ਸਨ। ਇਹ ਪਰੰਪਰਾ ਭਾਂਵੇ ਹਾਲੇ ਵੀ ਪ੍ਰਚਲਤ ਹੈ ਪਰ ਰੌਸ਼ਨੀ ਕਰਨ ਦੇ ਤੌਰ ਤਰੀਕੇ ਬਹੁਤ ਬਦਲ ਚੁੱਕੇ ਹਨ। ਦੀਵਾਲੀ ਦਾ ਤਿਉਹਾਰ ਬਹੁਤ ਪੁਰਾਤਨ ਸਮੇਂ ਤੋਂ ਮਨਾਇਆ ਜਾ ਰਿਹਾ ਹੈ। ਇਹ ਤਿਉਹਾਰ ਲਗਭਗ ਹਰ ਧਰਮ ਅਤੇ ਹਰ ਵਰਗ ਵਿੱਚ ਮਨਾਇਆ ਜਾਂਦਾ ਹੈ।

ਹਿੰਦੂ ਧਰਮ ਅਨੁਸਾਰ ਜਿਸ ਦਿਨ ਸ੍ਰੀ ਰਾਮ ਚੰਦਰ ਜੀ ਰਾਵਣ ਨੂੰ ਹਰਾ ਕੇ ਲੰਕਾ ਤੋਂ ਅਯੋਧਿਆ ਵਾਪਸ ਆਏ ਸੀ ਉਹਨਾਂ ਦੇ ਸਵਾਗਤ ਵਾਸਤੇ ਲੋਕਾਂ ਨੇ ਦੀਵੇ ਬਾਲੇ ਸੀ। ਜਿਵੇਂਦੁਸਹਿਰੇ ਨੂੰ ਬਦੀ ਉਪਰ ਨੇਕੀ ਦੀ ਜਿੱਤ ਦਾ ਪ੍ਰਤੀਕ ਮੰਨਿਆ ਜਾਂਦਾ ਹੈ ਤੇ ਇਹ ਬਦੀ ਦੀ ਹਾਰ ਤੇ ਖੁਸ਼ੀ ਮਨਾਉਣ ਦਾ ਸੁਨੇਹਾ ਲੈਕੇ ਆਉਂਦਾ ਹੈ। ਇਸੇ ਦਿਨ ਛੇਵੇਂ ਪਾਤਸ਼ਾਹ ਜੀ ਦੇ ਗਵਾਲੀਅਰ ਦੀ ਕੈਦ ਵਿਚੋਂ ਮੁਕਤ ਹੋਣ ਦੀ ਖੁਸ਼ੀ ਵਿੱਚ ਮਨਾਇਆ ਜਾਂਦਾ ਹੈ। ਗੁਰੂ ਸਾਹਿਬ ਨਾ ਕੇਵਲ ਆਪ ਹੀ ਮੁਕਤ ਹੋਏ ਸਨ ਸਗੋਂ ਆਪਣੇ ਨਾਲ ਬਵੰਜਾ ਹੋਰ ਰਾਜਿਆਂ ਨੂੰ ਵੀ ਮੁਕਤ ਕਰਵਾਇਆਸੀ। ਇਸੇ ਕਰਕੇ ਹੀ ਇਸ ਤਿਉਹਾਰ ਨੂੰ ਬੰਦੀ ਛੋੜ ਦਿਵਸ ਵਜੋਂ ਵੀ ਜਾਣਿਆ ਜਾਂਦਾ ਹੈ। ਮੰਦਰਾਂ ਵਿੱਚ ਤੇ ਗੁਰਦਵਾਰਿਆਂ ਵਿੱਚ ਇਹ ਤਿਉਹਾਰ ਆਪਣੀ ਆਪਣੀ ਰਵਾਇਤਾਂ ਅਨੁਸਾਰ ਮਨਾਇਆ ਜਾਂਦਾ ਹੈ। ਬਹੁਤ ਰੌਣਕ ਮੇਲੇ ਲੱਗਦੇ ਹਨ। ਬਜ਼ਾਰਾਂ ਵਿੱਚ ਸਾਰਾ ਦਿਨ ਭੀੜ ਰਹਿੰਦੀ ਹੈ। ਲੋਕ ਨਵੇਂ ਪਹਿਰਾਵੇ ਪਹਿਨਦੇ ਹਨ। ਦੋਸਤ ਮਿੱਤਰ ਅਤੇ ਰਿਸ਼ਤੇ ਦਾਰਾਂ ਵਿੱਚ ਮਠਿਆਈਆਂ ਅਤੇ ਤੋਹਫਿਆਂ ਦਾ ਆਦਾਨ ਪ੍ਰਦਾਨ ਹੁੰਦਾ ਹੈ। ਹਰ ਪ੍ਰਕਾਰ ਨਾਲ ਲੋਕ ਆਪਣੀ ਖੁਸ਼ੀ ਦਾ ਇਜ਼ਹਾਰ ਕਰਦੇ ਹਨ।

ਸਮੇਂ ਦੇ ਨਾਲ ਨਾਲ ਇਸ ਤਿਉਹਾਰ ਦੀ ਬਨਾਵਟ ਵਿੱਚ ਵੀ ਨਿਰੰਤਰ ਫਰਕ ਪੈ ਰਿਹਾ ਹੈ। ਲੋਕਾਂ ਦਾ ਲੈਣ ਦੇਣ ਵਪਾਰਕ ਹੁੰਦਾ ਜਾ ਰਿਹਾ ਹੈ। ਤੋਹਫਿਆਂ ਵਿੱਚ ਮੁਕਾਬਲਾ ਹੋਣਾ ਸ਼ੁਰੂ ਹੋਣ ਲੱਗ ਪਿਆ ਹੈ। ਸ਼ੋਅ ਬਾਜ਼ੀ ਹੋਣ ਲੱਗ ਪਈ ਹੈ। ਸ਼ੋਰਸ਼ਰਾਬਾ ਵੱਧ ਗਿਆ ਹੈਰੌਸ਼ਨੀ ਦੇ ਨਾਲ ਨਾਲ ਇਸ ਵਿੱਚ ਪਟਾਕੇ ਵੀ ਸ਼ਾਮਿਲ ਹੋ ਗਏ ਹਨ। ਕੌਣ ਕਿੰਨੀ ਦੇਰ ਰਾਤ ਤੱਕ ਪਟਾਕੇ ਵਜਾ ਸਕਦਾ ਹੈ ਇਸ ਤੋਂ ਉਸ ਦੀ ਅਮੀਰੀ ਦਾ ਅੰਦਾਜ਼ਾ ਲਗਾਇਆ ਜਾਣ ਲੱਗ ਪਿਆ ਹੈ। ਮੇਰਾ ਵਿਚਾਰ ਤਾਂ ਹੈ ਕਿ ਇਹ ਅੰਦਾਜ਼ਾ ਅਮੀਰੀ ਦਾ ਨਹੀਂ ਮੂਰਖਤਾ ਦਾ ਮੰਨਿਆ ਜਾਣਾ ਚਾਹੀਦਾ ਹੈ।

ਠੀਕ ਹੈ ਕਿ ਇਹ ਤਿਉਹਾਰ ਸਾਡੀ ਖੁਸ਼ੀ ਦਾ ਪ੍ਰਤੀਕ ਤਾਂ ਹੈ ਹੀ ਪਰ ਖੁਸ਼ੀ ਨੂੰ ਜ਼ਾਹਿਰ ਕਰਨ ਦਾ ਵੀ ਢੰਗ ਹੈ। ਪਰ ਹੁਣ ਇਸ ਦੇ ਕੁਝ ਨਕਾਰਾਤਮਕ ਨਤੀਜੇ ਵੀ ਦਿਖਾਈ ਦੇਣ ਲੱਗ ਪਏ ਹਨ। ਜਿਸ ਵਿੱਚ ਸਭ ਤੋਂ ਵੱਧ ਹੈ ਵਾਤਾਵਰਣ ਦੇ ਪ੍ਰਦੂਸ਼ਿਤ ਹੋਣ ਦਾ ਖਤਰਾ। ਦੀਵਿਆਂ ਦੇ ਬਲਣ ਅਤੇ ਪਟਾਕਿਆਂ ਦੇ ਚੱਲਣ ਕਾਰਣ ਵਾਤਾਵਰਣ ਕਾਫੀ ਹੱਦ ਤੱਕ ਪ੍ਰਦੂਸ਼ਿਤ ਹੋ ਜਾਦਾਹੈ। ਪਟਾਕਿਆਂ ਦੇ ਬਹੁਤ ਘਾਤਕ ਨਤੀਜ਼ੇ ਵੀ ਸੁਣਨ ਵਿਤਚ ਆ ਰਹੇ ਹਨ। ਪਟਾਕਿਆਂ ਦੇ ਸ਼ੋਰ ਸ਼ਰਾਬੇ ਚੋਰੀਆਂ ਅਤੇ ਲੁਟਾਂ ਦੀਆਂ ਘਟਨਾਵਾਂ ਵਿੱਚ ਵਾਧਾ ਕਰਨ ਵਿੱਚ ਸਹਾਈ ਸਾਬਤ ਹੋ ਰਹੇ ਹਨ।

ਦੀਵਾਲੀ ਦੀ ਰਾਤ ਨੂੰ ਜੂਆ ਖੇਡਣ ਦੀ ਰਵਾਇਤ ਨੂੰ ਕਿਸੇ ਹੱਦ ਤੱਕ ਸ਼ਗਨ ਮੰਨਿਆਂ ਜਾਂਦਾ ਸੀ। ਪਰ ਹਦੋਂ ਵੱਧ ਤਾਂ ਹਰ ਗਲ ਦੇ ਨਤੀਜ਼ੇ ਮਾੜੇ ਹੀ ਨਿਕਲਦੇ ਹਨ। ਇਸ ਬਾਰੇ ਤਾਂ ਸਭ ਨੂੰ ਪਤਾ ਹੀ ਹੈ। ਦੀਵਾਲੀ ਦੇ ਹਾਰੇ ਹੋਏ ਖਿਡਾਰੀ ਨੂੰ ਜਿੱਤਣ ਦੀ ਲਾਲਸਾ ਪੱਕਾ ਜੁਆਰੀ ਹੀ ਬਣਾ ਦਿੰਦੀ ਹੈ। ਸੋ ਸਾਨੂੰ ਸਭ ਨੂੰ ਦੋਨਾਂ ਪੱਖਾਂ ਨੂੰ ਧਿਆਨ ਵਿੱਚ ਰੱਖ ਕੇ ਹੀ ਆਪਣੀ ਖੁਸ਼ੀ ਦਾ ਇਜ਼ਹਾਰ ਦੇ ਨਾਲ ਨਾਲ ਹੋਣ ਵਾਲੇ ਨੁਕਸਾਨ ਤੋਂ ਬਚਣ ਨੂੰ ਵੀ ਅਖੋਂ ਓਹਲੇ ਨਹੀਂ ਕਰਨਾ ਚਾਹੀਦਾ।

ਲੇਖ ਦੇ ਸ਼ੁਰੂ ਵਿੱਚ ਮੈਂ ਭਾਈ ਗੁਰਦਾਸ ਜੀ ਦੀ ਪਉੜੀ ਦਾ ਹਵਾਲਾ ਦਿੱਤਾ ਸੀ। ਸੋ ਸਾਨੂੰ ਸਭ ਨੂੰ ਇਸ ਪਉੜੀ ਦੇ ਅਰਥਾਂ ਨੂੰ ਸਮਝਦੇ ਹੋਏ ਆਪਣੇ ਜੀਵਨ ਵਿੱਚ ਇਹਨਾਂ ਦੀ ਸ਼ਮੂਲੀਅਤ ਕਰ ਲੈਣੀ ਚਾਹੀਦੀ ਹੈ। ਭਾਈ ਸਾਹਿਬ ਦੇ ਅਨੁਸਾਰ ਦੀਵੇ ਬਲਣ ਨਾਲ ਹੋਣ ਵਾਲੀ ਰੌਸ਼ਨੀ, ਰਾਤ ਨੂੰ ਦਿੱਖਣ ਵਾਲੇ ਤਾਰੇ ,ਦੁਨੀਆਂ ਵਿੱਚ ਲੱਗਣ ਵਾਲੇ ਜੋੜ ਮੇਲੇ ਅਤੇ ਬਦਲਾਂ ਵਿੱਚ ਬਣੇ ਹੋਏ ਮਹਿਲ ਮੁਨਾਰੇ ਸਭ ਅਸਥਾਈ ਹਨ ; ਸਥਾਈ ਰੋਸ਼ਨੀ ਤਾਂ ਗੁਰੂ ਦੇ ਸ਼ਬਦ ਦਾ ਮਨ ਵਿੱਚ ਵੱਸਣ ਨਾਲ ਹੀ ਹੁੰਦੀ ਹੈ।

# ਬੁੱਢੇ ਦਾ ਭੂਤ (ਬੰਗਾਲੀ ਕਹਾਣੀ) : ਰਾਬਿੰਦਰਨਾਥ ਟੈਗੋਰ

ਜਦੋਂ ਵਡੇਰੀ ਉਮਰ ਵਾਲਾ ਆਪ-ਹੁਦਰਾ ਆਗੂ ਮਰਨ ਕਿਨਾਰੇ ਸੀ ਤਾਂ ਦੇਸ਼ ਦੇ ਸਾਰੇ ਲੋਕਾਂ ਨੇ ਵਿਰਲਾਪ ਕਰਨਾ ਸ਼ੁਰੂ ਕਰ ਦਿੱਤਾ: "ਹੇ ਮਾਲਿਕ! ਜਦੋਂ ਤੁਸੀਂ ਇਸ ਜਹਾਨ ਤੋਂ ਚਲੇ ਗਏ ਤਾਂ ਸਾਡਾ ਕੀ ਬਣੇਗਾ?"

ਇਹ ਗੱਲ ਸੁਣ ਕੇ ਮਰਨ ਵਾਲੇ ਦੇ ਦਿਲ ਨੂੰ ਬਹੁਤ ਧੱਕਾ ਲੱਗਾ। ਉਹ ਸੋਚਦਾ ਸੀ: "ਜਦੋਂ ਮੈਂ ਇਹਨਾਂ ਲੋਕਾਂ ਤੋਂ ਵਿਛੜ ਜਾਵਾਂਗਾ ਤਾਂ ਇਹਨਾਂ ਨੂੰ ਚੁੱਪ ਕੌਣ ਕਰਾਏਗਾ ਤੇ ਇਹਨਾਂ ਨੂੰ ਚੰਗੇ ਰਾਹ ਉੱਤੇ ਕੌਣ ਤੋਰੀ ਰੱਖੇਗਾ?"

ਮੌਤ ਤਾਂ ਟਲ ਨਹੀਂ ਸਕਦੀ ਭਾਵੇਂ ਲੱਖ ਜਤਨ ਕੀਤੇ ਜਾਣ। ਪਰ ਲੋਕਾਂ ਦੀਆਂ ਬੇਨਤੀਆਂ ਤੇ ਪ੍ਰਾਰਥਨਾਵਾਂ ਸੁਣ ਕੇ ਦੇਵਤਿਆਂ ਨੂੰ ਤਰਸ ਆ ਗਿਆ ਤੇ ਉਹ ਕਹਿਣ ਲੱਗੇ:

"ਫ਼ਿਕਰ ਵਾਲੀ ਕਿਹੜੀ ਗੱਲ ਹੈ? ਇਹ ਬੁੱਢਾ ਮਰੇਗਾ ਤਾਂ ਜ਼ਰੂਰ, ਪਰ ਅਸੀਂ ਤੁਹਾਡੀਆਂ ਪ੍ਰਾਰਥਨਾਵਾਂ ਨੂੰ ਮੰਨ ਕੇ ਇਹਨੂੰ ਭੂਤ ਬਣਾ ਕੇ ਤੁਹਾਡੇ ਦੇਸ਼ ਵਿਚ ਹੀ ਰਹਿਣ ਦੇਵਾਂਗੇ। ਇਹ ਭੂਤ ਤੁਹਾਡੇ ਮੋਢਿਆਂ ਉੱਤੇ ਸਵਾਰ ਹੋ ਕੇ ਸਦਾ ਤੁਹਾਡੇ ਅੰਗ ਸੰਗ ਰਿਹਾ ਕਰੇਗਾ, ਤੇ ਤੁਹਾਡੇ ਕੰਮ ਚਲਾਉਣ ਵਿਚ ਤੁਹਾਡੀ ਅਗਵਾਈ ਕਰਦਾ ਰਹੇਗਾ। ਆਦਮੀ ਨੂੰ ਤਾਂ ਜ਼ਰੂਰ ਮਰਨਾ ਹੁੰਦਾ ਹੈ ਪਰ ਭੂਤ ਕਦੇ ਨਹੀਂ ਮਰਦਾ।"

ਸਾਰੀ ਕੌਮ ਨੇ ਸੁੱਖ ਦਾ ਸਾਹ ਲਿਆ ਤੇ ਉਹਨਾਂ ਦੇ ਮਨ ਨੂੰ ਸ਼ਾਂਤੀ ਆਈ।

ਹਾਂ, ਇਹ ਗੱਲ ਜ਼ਰੂਰ ਹੈ ਕਿ ਜਦੋਂ ਤੁਸੀਂ ਭਵਿੱਖ/ਭਲਕ ਬਾਰੇ ਸੋਚਣ ਲੱਗ ਜਾਓ ਤਾਂ ਤੁਹਾਡੇ ਫ਼ਿਕਰਾਂ ਦਾ ਕੋਈ ਹੱਦ ਬੰਨਾ ਨਜ਼ਰੀਂ ਨਹੀਂ ਪੈਂਦਾ। ਪਰ ਜਦੋਂ ਤੁਸੀਂ ਭੂਤ ਕਾਲ (ਬੀਤੇ-ਸੰ.) ਉੱਤੇ ਨਜ਼ਰਾਂ ਗੱਡ ਲਵੋ ਤਾਂ ਤੁਹਾਡੇ ਮਨ ਤੋਂ ਚਿੰਤਾਵਾਂ ਦਾ ਭਾਰ ਲੱਥਾ ਰਹਿੰਦਾ ਹੈ ਤੇ ਤੁਹਾਡੀਆਂ ਸਾਰੀਆਂ ਚਿੰਤਾਵਾਂ ਤੇ ਜ਼ਿੰਮੇਵਾਰੀਆਂ ਭੂਤ ਕਾਲ (ਬੀਤੇ) ਦੇ ਸਿਰ ਉੱਤੇ ਸਵਾਰ ਹੋਈਆਂ ਰਹਿੰਦੀਆਂ ਹਨ, ਜਿਹੜਾ ਭੂਤ ਵਾਂਗਰ ਵਰਤਮਾਨ ਵਿਚ ਵਸ ਰਿਹਾ ਹੋਵੇਗਾ। ਭੂਤ ਦਾ ਤਾਂ ਕੋਈ ਸਿਰ ਹੁੰਦਾ ਹੀ ਨਹੀਂ, ਇਸ ਕਰਕੇ ਭੂਤ ਨੂੰ ਸਿਰਦਰਦਾਂ ਨਹੀਂ ਸਤਾਉਂਦੀਆਂ ਤੇ ਨਾ ਉਹ ਕਿਸੇ ਹੋਰ ਖ਼ਾਤਰ ਇਹ ਦਰਦ ਸਹੇੜਦਾ ਹੀ ਹੈ।

ਫਿਰ ਵੀ ਕਈਆਂ ਨੇ ਭੈੜੀ ਆਦਤ ਅਨੁਸਾਰ, ਭੂਤ-ਕਾਲ ਬਾਰੇ ਵਿਚਾਰ ਕਰ ਕੇ ਉਸ ਤੋਂ ਰਹਿਨੁਮਾਈ ਲੈਣ ਦੀ ਬਜਾਏ ਆਪਣੇ ਭਵਿੱਖ ਬਾਰੇ ਆਪ ਸੋਚਣ ਦੀ ਦਲੇਰੀ ਕਰ ਹੀ ਲਈ। ਇਹ ਤਕ ਕੇ ਭੂਤ ਨੇ ਉਹਨਾਂ ਦੇ ਖ਼ੂਬ ਕੰਨ ਖਿੱਚੇ ਤੇ ਕਈਆਂ ਦੇ ਕੰਨਾਂ ਉੱਤੇ ਚਪੇੜਾਂ ਮਾਰ ਮਾਰ ਕੇ ਲਾਲੀ ਚਾੜ੍ਹ ਦਿੱਤੀ।

ਹਾਂ, ਭੂਤਾਂ ਦੀਆਂ ਇਹਨਾਂ ਚਪੇੜਾਂ ਤੋਂ ਤੁਸੀਂ ਕਦੇ ਛੁਟਕਾਰਾ ਨਹੀਂ ਪਾ ਸਕਦੇ। ਇਹਨਾਂ ਚਪੇੜਾਂ ਤੋਂ ਬਚਣਾ ਇੱਕ ਅਸੰਭਵ ਗੱਲ ਹੈ। ਭੂਤਾਂ ਦੇ ਇੱਸ ਕਰਤਵ/ਕਾਰੇ ਵਿਰੁੱਧ ਨਾ ਕਿਧਰੇ ਸੁਣਵਾਈ ਤੇ ਨਾ ਕੋਈ ਫ਼ੈਸਲਾ ਕੀਤਾ ਜਾ ਸਕਦਾ ਹੈ। ਸਗੋਂ ਭੂਤ ਦੇ ਪਿੰਜਰ ਦੀਆਂ ਉਂਗਲਾਂ ਤੁਹਾਡੇ ਸਰੀਰ ਉੱਤੇ ਕੋਈ ਨਾ ਕੋਈ ਦਾਗ਼ ਪਾਈ ਹੀ ਰਖਦੀਆਂ ਹਨ।

ਹੁਣ ਸਾਰੀ ਕੌਮ 'ਤੇ ਭੂਤ ਸਵਾਰ ਸੀ। ਉਹ ਆਪਣੀਆਂ ਅੱਖਾਂ ਬੰਦ ਕਰ ਕੇ ਮਨ ਦੀਆਂ ਮਨ ਵਿਚ ਰਖ ਕੇ, ਭੂਤ ਦੀ ਆਗਿਆ ਅਨੁਸਾਰ ਤੁਰੇ ਜਾ ਰਹੇ ਸਨ। ਉਹਨਾਂ ਵਿਚੋਂ ਆਪਣੇ ਆਪ ਨੂੰ ਸਿਆਣੇ ਸਮਝਣ ਵਾਲੇ ਆਖਦੇ ਸਨ: "ਧਰਤੀ ਮਾਤਾ ਦੇ ਵਾਸੀਆਂ ਦਾ ਇਹ ਜੁਗਾਂ-ਜੁਗਾਂਤਰਾਂ ਤੋਂ ਪ੍ਰਚੱਲਤ ਵਿਸ਼ਵਾਸ ਹੈ ਕਿ ਜੇ ਸੁੱਖ ਚਾਹੁੰਦੇ ਹੋ ਤਾਂ ਅੱਖਾਂ ਮੀਟ ਕੇ ਤੁਰੋ, ਭਾਵੇਂ ਦੁਨੀਆ ਇਹਨੂੰ ਅੰਧ-ਵਿਸ਼ਵਾਸ ਹੀ ਕਿਉਂ ਨਾ ਆਖੇ। ਪਰ ਏਦਾਂ ਹੀ ਦੁਨੀਆਂ ਵਿਚ ਪਹਿਲਾਂ ਪੈਦਾ ਹੋਣ ਵਾਲਾ ਜੀਵ- ਅਮੀਬਾ- ਅੱਖਾਂ ਤੋਂ ਬਿਨਾ ਹੀ ਤੁਰਦਾ ਫਿਰਦਾ ਸੀ। ਅਜੇ ਵੀ ਘਾਹ, ਬ੍ਰਿਛ ਸੁਖ ਮਾਨਣ ਲਈ ਅੱਖਾਂ ਮੀਟੀਆਂ ਹੀ ਰੱਖਦੇ ਹਨ।"

ਫਿਲਾਸਫ਼ਰਾਂ ਦੀਆਂ ਅਜਿਹੀਆਂ ਗੱਲਾਂ ਸੁਣ ਕੇ ਭਰੋਸਾ ਜਿਉਂ ਦਾ ਤਿਉਂ ਬਣਿਆ ਰਹਿੰਦਾ। ਇਸ ਤਰ੍ਹਾਂ ਦੀਆਂ ਗੱਲਾਂ ਸੁਣ ਕੇ ਭੂਤਾਂ ਨਾਲ ਸਵਾਰ ਹੋਈ ਕੌਮ ਆਪਣੀ ਪ੍ਰਾਚੀਨ ਅਮੀਰੀ 'ਤੇ ਮਾਣ ਕਰਦੀ। ਖ਼ੁਸ਼ੀਆਂ ਵਿਚ ਫੁੱਲੀ ਨਾ ਸਮਾਉਂਦੀ ਕਿ ਆਪਣੇ ਵਡ-ਵਡੇਰਿਆਂ ਦੇ ਪਾਏ ਪੂਰਨਿਆਂ ਉਤੇ ਚਲ ਰਹੀ ਹੈ ਤੇ ਉਹ ਉਹੀਓ ਕੁਝ ਕਰ ਰਹੀ ਹੈ ਜੋ ਕੁਝ ਦੁਨੀਆਂ ਦੇ ਪਹਿਲੇ ਅੰਨ੍ਹੇ ਜੀਵ ਅਮੀਬਾ ਨੇ ਕੀਤਾ ਸੀ।

ਦੇਸ਼ ਦੇ ਚਾਰ ਚੁਫੇਰੇ, ਜੇਲ੍ਹਖ਼ਾਨੇ ਵਾਂਗ ਬੰਦਸ਼ਾਂ ਦੀਆਂ ਕੰਧਾਂ ਉਸਾਰੀਆਂ ਹੋਈਆਂ ਹਨ, ਭਾਵੇਂ ਇਹ ਕੰਧਾਂ ਨੰਗੀ ਅੱਖ ਨੂੰ ਨਜ਼ਰੀਂ ਨਹੀਂ ਸੀ ਪੈਂਦੀਆਂ। ਭੂਤਾਂ ਦਾ ਮੁਖੀ ਜੇਲ੍ਹਖ਼ਾਨੇ ਦਾ ਦਰੋਗ਼ਾ ਹੈ। ਜੇਲ੍ਹਖ਼ਾਨੇ ਦੀਆਂ ਕੰਧਾਂ ਨਜ਼ਰੀਂ ਨਾ ਪੈਣ ਕਾਰਨ, ਇਸ ਗੱਲ ਦਾ ਅਨੁਮਾਨ ਲਾਉਣਾ ਮੁਸ਼ਕਲ ਹੋ ਜਾਂਦਾ ਹੈ ਕਿ ਜੇਲ੍ਹਖ਼ਾਨੇ ਦੀਆਂ ਕੰਧਾਂ ਪਾੜ ਕੇ ਆਜ਼ਾਦੀ ਕਿਵੇਂ ਪ੍ਰਾਪਤ ਕੀਤੀ ਜਾਵੇ।

ਉਥੇ ਹਰੇਕ ਨੂੰ ਕੈਦੀਆਂ ਵਾਂਗ ਰਾਤ ਦਿਨੇ ਕੋਹਲੂ ਗੇੜ ਕੇ ਤੇਲ ਕਢਣਾ ਪੈਂਦਾ ਹੈ। ਇਹ ਮਨੁੱਖਾਂ ਦੀ ਤਾਕਤ ਨਸ਼ਟ ਕਰਨ ਦਾ ਵਸੀਲਾ ਹੁੰਦਾ ਹੈ ਤੇ ਇਸ ਨਾਲ ਉਹਨਾਂ ਦੀ ਬਗ਼ਾਵਤ ਕਰਨ ਦੀ ਸ਼ਕਤੀ ਵੀ ਘਟ ਜਾਂਦੀ ਹੈ। ਪਰ ਭੂਤਾਂ ਦੇ ਰਾਜ ਵਿਚ ਹੋਰ ਭਾਵੇਂ ਕੁਝ ਵੀ ਨਾ ਪ੍ਰਾਪਤ ਹੋਵੇ, ਰੋਟੀ ਨਾ ਮਿਲੇ, ਕਪੜਾ ਨਾ ਮਿਲੇ, ਸਿਹਤ ਖ਼ਰਾਬ ਹੋ ਜਾਵੇ- ਪਰ ਸ਼ਾਂਤੀ ਦੀ ਕੋਈ ਘਾਟ ਨਹੀਂ ਹੁੰਦੀ।

ਇਸ ਤਰ੍ਹਾਂ ਦਿਨ ਲੰਘਦੇ ਰਹਿਣੇ ਸਨ ਤੇ ਕਿਸੇ ਨੇ ਵੀ ਭੂਤਾਂ ਦੇ ਰਾਜ ਬਾਰੇ ਕੋਈ ਸਵਾਲ ਨਹੀਂ ਸੀ ਉਠਾਉਣਾ, ਕਿਉਂਕਿ ਉਹ ਲੋਕ ਸਦਾ ਇਸ ਗੱਲ ਉੱਤੇ ਮਾਣ ਕਰ ਸਕਦੇ ਸਨ ਕਿ ਉਹਨਾਂ ਦਾ ਭਵਿਖ, ਇੱਕ ਪਾਲਤੂ ਲੇਲੇ ਵਾਂਗ, ਇਕ ਭੂਤ ਦੇ ਕਿੱਲੇ ਨਾਲ ਬੱਧਾ ਹੋਇਆ ਸੀਅਜੇਹਾ ਜਾਨਵਰ ਨਾ ਬੋਲ ਸਕਦਾ ਸੀ ਤੇ ਨਾ ਹੀ ਮਿਆਂਕ ਸਕਦਾ ਸੀ। ਇਹ ਗੁੰਗਾ ਬੋਲਾ ਹੋ ਕੇ ਮਿੱਟੀ ਘੱਟੇ ਉੱਤੇ ਲੇਟਦਾ ਲੇਟਦਾ ਮਿੱਟੀ ਵਰਗਾ ਹੀ ਨਕਾਰਾ ਤੇ ਨਿਕੰਮਾ ਹੋ ਜਾਂਦਾ ਸੀ।

ਪਰ ਹੁਣ ਕੁਝ ਔਖਿਆਈ ਵਾਲਾ ਵਾਤਾਵਰਨ ਹੋ ਗਿਆ ਸੀ। ਧਰਤੀ ਦੇ ਹੋਰ ਕਿਸੇ ਦੇਸ਼ ਵਿਚ ਭੂਤਾਂ ਦਾ ਰਾਜ ਨਾ ਹੋਣ ਕਰਕੇ, ਉਥੇ ਦੇ ਲੋਕ ਦਿਨ ਦੂਣੀ ਤੇ ਰਾਤ ਚੌਗਣੀ ਤਰੱਕੀ ਕਰਨ ਲਗੇ। ਉਥੇ ਉਹ ਕੌਮਾਂ ਵਸਦੀਆਂ ਸਨ ਜਿਨ੍ਹਾਂ ਨੇ ਭੂਤ ਦੀ ਪਿਆਸ ਬੁਝਾਉਣ ਲਈ ਲਹੂ ਦਾ ਇਕ ਟੇਪਾ ਵੀ ਦੇਣੋਂ ਨਾਂਹ ਕਰ ਦਿਤੀ ਸੀ। ਉਹਨਾਂ ਦੀ ਸ਼ਕਤੀ ਉਹਨਾਂ ਦੇ ਵਿਚ ਸੀ ਤੇ ਉਹ ਖ਼ੂਬ ਰਿਸ਼ਟ ਪੁਸ਼ਟ ਸਨ ਤੇ ਖ਼ੁਸ਼ੀਆਂ ਭਰਿਆ ਜੀਵਨ ਬਤੀਤ ਕਰਦੇ ਸਨ।

ਸਿਆਣਿਆਂ ਨੇ ਭੁਤ ਕਾਲ ਦੀਆਂ ਪੁਸਤਕਾਂ ਘੋਖ ਕੇ ਤੇ ਇਕ ਆਵਾਜ਼ ਹੋ ਕੇ ਨਾਹਰਾ ਲਾਇਆ, "ਦੋਸ਼ ਸਾਡਾ ਨਹੀਂ, ਨਾ ਹੀ ਸਾਡੇ ਉਤੇ ਰਾਜ ਕਰਨ ਵਾਲੇ ਭੂਤ ਦਾ। ਇਸ ਸਾਡੀ ਦਸ਼ਾ ਦੇ ਅਸਲ ਦੋਸ਼ੀ ਸਾਡੀਆਂ ਔਕੜਾਂ ਤੇ ਔਖਿਆਈਆਂ ਹਨ। ਉਹਨਾਂ ਨੂੰ ਕੀ ਹੱਕ ਹੈ ਕਿ ਉਹ ਸਾਡੇ ਉਤੇ ਆ ਕੇ ਆਪਣਾ ਵਾਰ ਕਰਨ?"

ਸਾਰੀ ਕੌਮ ਨੇ ਇਹ ਗੱਲ ਗਹੁ ਨਾਲ ਸੁਣੀ ਤੇ ਉਹਨਾਂ ਦੇ ਦਿਲ ਦੀ ਢਾਰਸ ਬੱਝ ਗਈ।

ਦੋਸ਼ ਭਾਵੇਂ ਕਿਸੇ ਦੇ ਸਿਰ ਵੀ ਥੱਪਿਆ ਗਿਆ, ਪਰ ਨਵੀਆਂ ਨਵੀਆਂ ਔਕੜਾਂ ਨੂੰ ਕੋਈ ਗੱਲ ਵੀ ਨਾ ਰੋਕ ਸਕੀ। ਥੋੜ੍ਹੇ ਸਮੇਂ ਵਿਚ ਹੀ ਸਮੁੰਦਰਾਂ ਤੋਂ ਪਾਰ ਵਸਣ ਵਾਲੇ ਲੋਕ ਏਸ ਦੇਸ਼ ਉਤੇ ਭੁੱਖੀਆਂ ਗਿਰਝਾਂ ਵਾਂਗ ਟੁਟ ਪਏ ਤੇ ਪੱਕੀਆਂ ਫ਼ਸਲਾਂ ਲੁਟ ਕੇ ਲੈ ਗਏ ਤੇ ਖੇਤਾਂ ਨੂੰ ਬਰਬਾਦ ਕਰ ਗਏ। ਉਹ ਅਮਲੀ ਕੰਮ ਕਰਨ ਵਾਲੇ ਆਦਮੀ ਸਨ ਜਿਨ੍ਹਾਂ ਨੇ ਆਪਣੀ ਤਾਕਤ ਸਾਂਭੀ ਹੋਈ ਸੀ ਤੇ ਉਹ ਭਵਿਖ ਉਤੇ ਵੀ ਧਿਆਨ ਮਾਰ ਸਕਦੇ ਸਨ। ਪਰ ਭੂਤਾਂ ਨਾਲ ਸਵਾਰ ਹੋਈ ਕੌਮ ਦੇ ਲੋਕਾਂ ਨੇ ਇਸ ਗਲ ਨੂੰ ਰਤਾ ਵੀ ਨਾ ਗੌਲਿਆ ਤੇ ਉਹ ਬਿਗਾਨਿਆਂ ਦੇ ਲੰਘਣ ਵਾਲੇ ਰਾਹਾਂ ਤੋਂ ਵੀ ਪਰੇਰੇ ਰਹਿੰਦੇ ਸਨ ਕਿ ਕਿਤੇ ਭਿੱਟੇ ਹੀ ਨਾ ਜਾਣ! ਸਿਆਣਿਆਂ ਨੇ ਫੇਰ ਭੂਤ ਕਾਲ ਦੀਆਂ ਮੁਤਬਰਕ ਪੁਸਤਕਾਂ ਖੋਲ੍ਹੀਆਂ ਤੇ ਇਹ ਵਾਕ ਉਚਾਰਨ ਲਗੇ, "ਉਹ ਧੰਨ ਹਨ ਜਿਹੜੇ ਇਸ ਦੁਨੀਆਂ ਦੇ ਧੰਦਿਆਂ ਵਲ ਧਿਆਨ ਨਹੀਂ ਕਰਦੇ।"

ਲੋਕਾਂ ਨੇ ਇਹ ਗੱਲ ਪੱਲੇ ਬੰਨ੍ਹ ਲਈ ਤੇ ਉਹ ਖ਼ੁਸ਼ੀ ਨਾਲ ਨੱਚਣ ਲੱਗੇ।

ਪਰ ਇਸ ਨਾਲ ਲੋਕਾਂ ਦੀ ਉਹ ਮੁਸ਼ਕਲ ਹਲ ਨਾ ਹੋਈ ਜਿਹੜੀ ਉਹਨਾਂ ਦੇ ਦਿਲਾਂ ਨੂੰ ਖਾ ਰਹੀ ਸੀ: "ਉਹਨਾਂ ਖੇਤਾਂ ਦਾ ਮਾਮਲਾ ਕਿਵੇਂ ਤਾਰੀਏ ਜਿਨ੍ਹਾਂ ਦੇ ਸਿੱਟੇ ਬਿਗਾਨੇ ਲਾਹ ਕੇ ਲੈ ਗਏ ਹਨ?"

ਮੁਰਦਿਆਂ ਦੀਆਂ ਕਬਰਾਂ ਵਿਚੋਂ ਤਰਥੱਲੀ ਮਚਾਉਣ ਵਾਲੀ ਆਵਾਜ਼ ਗੂੰਜੀ ਤੇ ਉਹਨਾਂ ਮੁਰਦਿਆਂ ਵਾਲਾ ਹਾਸਾ ਹੱਸ ਕੇ ਦੇਸ਼ ਉਤੇ ਆਈ ਭੀੜ ਨੂੰ ਟਾਲਣ ਦਾ ਹਲ ਦਸਿਆ:" ਮਾਮਲੇ ਭਰੋ! ਟੈਕਸ ਭਰੋ! ਭਾਵੇਂ ਆਪਣੀ ਇਜ਼ਤ ਤੇ ਆਬਰੂ ਵੇਚੋ! ਭਾਵੇਂ ਆਪਣੇ ਦਿਲ ਦਾ ਲਹੂ ਦੇ ਕੇ ਤੇ ਭਾਵੇਂ ਆਪਣੀ ਜ਼ਮੀਰ ਵੇਚ ਕੇ, ਪਰ ਮਾਮਲੇ ਤੇ ਟੈਕਸ ਤਾਰੋ ਜ਼ਰੂਰ !"

ਮਨ ਵਿਚ ਜਦੋਂ ਸਵਾਲ ਉਠਦੇ ਹਨ ਤਾਂ ਇਕਾ-ਦੁਕਾ ਨਹੀਂ ਉੱਠਦੇ, ਉਹ ਡਾਰਾਂ ਬੰਨ੍ਹ ਕੇ ਉਠਦੇ ਹਨ।

ਹੁਣ ਇਕ ਹੋਰ ਸਵਾਲ ਪੈਦਾ ਹੋ ਗਿਆ ਸੀ: "ਕੀ ਭੂਤ ਦਾ ਰਾਜ ਸਦਾ ਹੀ ਰਹੇਗਾ?"

ਦਾਦੇ ਦਾਦੀਆਂ ਇਹ ਗੱਲ ਸੁਣ ਕੇ ਕੰਬ ਉਠੇ: "ਅਜੇਹਾ ਸਵਾਲ ਸਾਡੀ ਸਾਰੀ ਜ਼ਿੰਦਗੀ ਵਿਚ ਕਦੇ ਪੈਦਾ ਹੀ ਨਹੀਂ ਸੀ ਹੋਇਆ। ਹੁਣ ਇਸ ਦੀ ਕੀ ਲੋੜ ਹੈ? ਵਰਤਮਾਨ ਨਜ਼ਾਮ ਨੂੰ ਬਦਲਣ ਬਾਰੇ ਸੋਚਣਾ ਹੀ ਗੁਨਾਹ ਹੈ।"

ਪਰ ਇਹ ਜਵਾਬ ਨੌਜਵਾਨਾਂ ਦੀ ਤਸੱਲੀ ਨਹੀਂ ਸੀ ਕਰਾਂਦਾ। ਉਹ ਕੁਝ ਕੁ ਗ਼ੁਸਤਾਖ਼ ਹੋ ਕੇ ਕਹਿਣ ਲੱਗੇ: "ਭਾਵੇਂ ਸਿਰ ਦੀ ਬਾਜ਼ੀ ਲਾਉਣੀ ਪਵੇ ਪਰ ਅਸੀਂ ਭੂਤ ਦੇ ਰਾਜ ਤੋਂ ਛੁਟਕਾਰਾ ਪਾ ਕੇ ਹੀ ਰਹਾਂਗੇ।"

ਭੂਤ ਦੇ ਅਫ਼ਸਰਾਂ ਨੇ ਇਸ ਨਾਹਰੇ ਦੀ ਪਰਵਾਹ ਨਾ ਕੀਤੀ ਤੇ ਉਹਨਾਂ ਘਿਰਣਾ ਭਰਿਆ ਹਾਸ ਹਸ ਕੇ ਆਖਿਆ, "ਹੰਭਲਾ ਮਾਰ ਵੇਖੋ। ਤੇ ਚਾਰਾ ਕਰ ਕੇ ਵੇਖ ਲਵੋ ਜੇ ਤੁਸੀਂ ਅਦਿਖ ਕੰਧਾਂ ਨੂੰ ਤੋੜ ਸਕੋ!"

ਸਚਾਈ ਇਹ ਹੈ ਕਿ ਭੂਤ ਕਾਲ ਨਾ ਹੀ ਕਦੀ ਮਰਿਆ ਸੀ ਤੇ ਨਾ ਹੀ ਜ਼ਿੰਦਾ ਸੀ- ਉਹਨੇ ਭੂਤ ਦਾ ਭੇਸ ਧਾਰ ਲਿਆ ਸੀ। ਉਹਨੇ ਨਾ ਹੀ ਕਦੇ ਦੇਸ਼ ਨੂੰ ਹਲੂਣਿਆ ਸੀ ਤੇ ਨਾ ਹੀ ਉਹਨੇ ਦੇਸ਼ ਨੂੰ ਅਗੇ ਵਧਣ ਦਿਤਾ ਸੀ।

ਮਨੁੱਖਾਂ ਨੇ ਰਾਜ-ਧਰੋਹੀ ਹੋਣ ਦੇ ਡਰੋਂ, ਦਿਨ ਸਮੇਂ ਕਦੇ ਉਘੜ ਕੇ ਗੱਲ ਨਹੀਂ ਸੀ ਕੀਤੀ। ਪਰ ਇਕ ਦੋਂਹ ਨੇ ਹੀਆ ਕਰ ਹੀ ਲਿਆ ਤੇ ਉਹਨਾਂ ਨੇ ਰਾਤ ਨੂੰ ਭੂਤ ਕੋਲ ਵਾਸਤਾ ਪਾ ਕੇ ਆਖਿਆ, "ਹੇ ਮਾਲਿਕ! ਕੀ ਹੁਣ ਤੁਹਾਡੇ ਜਾਣ ਦਾ ਸਮਾਂ ਨਹੀਂ ਆ ਗਿਆ?"

ਭੂਤ ਖਿੜਖਿੜਾ ਕੇ ਹੱਸਿਆ ਤੇ ਕਹਿਣ ਲਗਾ, " ਹੇ ਭੋਲੇ ਲੋਕੋ! ਜਿੰਨਾ ਚਿਰ ਤੁਸੀਂ ਆਗਿਆ ਨਾ ਦਿਓ, ਮੈਂ ਤੁਹਾਨੂੰ ਛਡ ਕੇ ਕਿਵੇਂ ਜਾ ਸਕਦਾ ਹਾਂ?"

ਲੋਕਾਂ ਨੇ ਇਕ ਆਵਾਜ਼ ਹੋ ਕੇ ਪੁਕਾਰ ਕੀਤੀ, "ਪਰ, ਸਾਡੇ ਸਵਾਮੀ! ਸਾਡੇ ਵਿਚੋਂ ਬਹੁਤਿਆਂ ਦੇ ਦਿਲ ਤਾਂ ਇਹ ਗੱਲ ਸੁਣ ਕੇ ਹੀ ਕੰਬ ਜਾਂਦੇ ਹਨ ਕਿ ਤੁਸੀਂ ਚਲੇ ਜਾਵੋਗੇ!"

ਭੂਤ ਫੇਰ ਹੱਸਿਆ ਤੇ ਕਹਿਣ ਲਗਾ, "ਤੁਹਾਡਾ ਡਰ ਹੀ ਮੇਰੇ ਰਾਜ ਦਾ ਥੰਮ੍ਹ ਹੈ।"







The Mortgage Centre
We work for you, not the lenders.
Second Mortgage
Debt Consolidation
Renovations & Repairs
Avoiding High penalities
No Credit or becon score check.
No income verifiaction.
Interest payments only.
Pay off high interest debts.
75%-80% LTV.
Must have home equity.....
if you are looking for independent mortgage or protection advice....
We're here to help.
* Competitive rates
* Flexible terms
* Fast approval process
For more information call:
Jaspal Gahunia (Lic. M08006400)
Direct: 416-677-0047
Office: 416-674-7050
Email: paulpaul202@yahoo.ca
Office - Unit 201-19 Woodbine Downs Blvd, Etobicoke, ON M9W 6N5
-4040 Steeles Avenue West Unit#5 Woodbridge, ON, L4L 4Y5
Rexdale Financial Services


Urgently Need New Listings in Brampton/Caledon
visit: www.teamjagaujla.com
Call JAG AUJLA
MCNE, REAL ESTATE BROKER
DIR: 416-371-7777
j.aujla@rogers.com
www.jagaujla.com
CALL JAG FOR A QUICK & FREE HOME EVALUATION
www.BramptonTopRealtor.com
www.BramptonTopAgent.com
URGENTLY NEED NEW LISTINGS IN THIS AREA
RECENTLY LISTED/SOLD IN YOUR NEIGHBOURHOOD BY JAG AUJLA
SOLD in *BRAMPTON*
Clarkway/Cottrelle/Hwy 50
2100 sq.ft. ਸੈਮੀ-ਡਿਟੈਚਡ ਹਾਊਸ 4+2 ਬੈਡਰੂਮ + 4 ਵਾਸ਼ਰੂਮ 2 ਬੈਡਰੂਮ ਫਿਨੀਸ਼ਡ ਬੇਸਮੈਂਟ 9 ਫੁੱਟ ਸੀਲਿੰਗ, Quartz ਕਾਊਂਟਰਟੋਪ, 5-ਪੀਸ ਇਨਸੂਇਟ ਅਤੇ His & Her ਕਲੋਜ਼ਿਟ, Laundary on ਮੇਨ ਫਲੋਰ ਅਤੇ ਬੇਸਮੇਂਟ ਵਿੱਚ। ਸਹੂਲਤਾਂ ਦੇ ਬਹੁਤ ਨੇੜੇ - ਗਰੋਸਰੀ ਸਟੋਰ, Shoppers, Pizza Pizza..
Listed in *MISSISSAUGA*
Burnhamthorpe/Confederation
900-999 sq.ft. ਲੇਕ ਵੀਊ 2 ਬੈਡਰੂਮ + 1 ਵਾਸ਼ਰੂਮ ਵੱਡੀਆਂ ਕੀੱਚਨ ਕੇਬਨਿਟ, ਨਵਾਂ ਪੇਂਟ, ਨਵੇਂ ਲੇਂਮੀਨੇਟ ਫਲੋਰ, ਬਹੁਤ ਖੁੱਲੀ ਬਾਲਕੋਨੀ, 2 ਪਾਰਕਿੰਗ (ਲਿਫਟ ਦੇ ਬਿਲੱਕੁਲ ਨੇੜੇ), ਸਾਰੀਆਂ ਸਹੂਲਤਾਂ ਦੇ ਕੋਲ Square One + Celebration Square, Grand Park Plaza, Sheridan College Campus.
Listed in *BRAMPTON*
Bramalea/Queen St/Hwy 7
1301 sq.ft. Corner End-Unit Apartment 3 ਬੈਡਰੂਮ + 2 ਵਾਸ਼ਰੂਮ 1 ਕਾਰ ਪਾਰਕਿੰਗ + ਸਟੋਰੇਜ ਨਾਲ, ਲੈਂਮੀਨੇਟ ਅਤੇ ਸਿਰਾਮੀਕ ਫਲੋਰ, No ਕਾਰਪੇਟ। ਬਹੁਤ ਖੁੱਲੀ ਕੀੱਚਨ ਮਾਸਟਰ ਬੈਡਰੂਮ ਵਿੱਚ 2-ਪੀਸ ਇਨਸੂਇਟ ਅਤੇ ਖੁੱਲੀ ਕਲੋਜ਼ਿਟ, Walking distance to Bramalea City Centre & more.
Listed in *BRAMPTON*
Bovaird/ Mclaughlin/Fletchers Creek Blvd
2000 sq.ft. ਸੈਮੀ-ਡਿਟੈਚਡ ਹਾਊਸ 4+1 ਬੈਡਰੂਮ + 4 ਵਾਸ਼ਰੂਮ 1 ਬੈਡਰੂਮ ਫਿਨੀਸ਼ਡ ਬੇਸਮੇਂਟ with separate entrance. Double door entry, ਮਾਸਟਰ ਬੈਡਰੂਮ ਵਿੱਚ 5-ਪੀਸ ਇਨਸੂਇਟ ਅਤੇ ਖੁੱਲੀ ਕਲੋਜ਼ਿਟ, Laundary on 2nd ਫਲੋਰ ਅਤੇ ਬੇਸਮੇਂਟ ਵਿੱਚ। Newly ਅਪਗਰੇਡੀਡ।
FREE
✓ Full MLS Services
✓ Consistently Marketing Your Property Until SOLD
✓ Staging Consultation
✓ Billboard, Flyer, Newspaper
✓ Online Promotion
✓ Professional Pictures and Virtual Tour
✓ Social media & Radio Advertisement
✓ Open House Until Sold
✓ Competitive Rates, Exceptional Service & Award Winning Results
RE/MAX Realty Specialists Inc. Brokerage (Independently Owned and Operated)
Off: 905-456-3232
Call JAG AUJLA DIR: 416-371-7777
MCNE, REAL ESTATE BROKER
NOT INTENDED TO SOLICIT BUYERS OR SELLER CURRENTLY UNDER CONTRACT
SEPTEMBER 2022


PURBA APPRAISALS INC.
WE PROVIDE RESIDENTIAL REAL ESTATE APPRAISAL SERVICES FOR:
•Mortgage Financing
•Tax/Capital Gain
•Divorce/Separation of Assets
•Litigation Support
•Pre-listing Appraisals
Gurpreet Purba
Broker, CRA
416-669-1423
www.purbahomes.com


Happy Diwali
As we celebrate the festival of lights, remember that the Canada Dental Care Plan is there to make sure your smile shines just as bright!
Visit:
www.canada.ca/dental
Ruby Sahota
Your Member of Parliament
Ruby.Sahota@parl.gc.ca 905-840-0505
RubySahotaLib


HAPPY
DIWALI
& BANDI CHHOR DIVAS
LET'S CELEBRATE JOY, PROSPERITY, AND THE POWER OF UNITY IN OUR DIVERSE CANADA
SONIA SIDHU
MEMBER OF PARLIAMENT
Brampton South
www.soniasidhu.libparl.ca 905-846-0076 sonia.sidhu@parl.gc.ca Sonia Sidhu@


HAPPY Diwali
FESTIVAL OF LIGHTS
ASIAN FOOD CENTER
WE HAVE LARGE VARIETIES OF DIYAS AND DIWALI ITEMS.
SWEETS AND DRY FRUIT AVAILABLE
Oct 18 - Nov 3, 2024
ASHIRVAAD WHOLE WHEAT ATTA $12.99 EA Reg $16.99 20Lb
DEEP MULTIGRAIN ATTA $12.99 EA Reg $19.99 20Lb
CROWN DURAM ATTA (Desi Style) $11.99 EA Reg $14.99 20Lb
ASHIRVAAD MULTIGRAIN ATTA $13.99 EA Reg $19.99 20Lb
HAPPY PANEER $4.49 EA Reg $5.99 300g
INDIA GATE PREMIUM RICE $13.99 EA Reg $15.99 10Lb
TAJ ATTA $10.99 EA Reg $13.99 20Lb
DEEP DOSA / MEDU VADA / IDLI $3.29 EA Reg $4.49
MUGHAL DIAMOND RICE $11.99 EA Reg $14.99 10Lb
DEEP TANDOORI & GARLIC NAAN FAMILY PACK $7.49 EA Reg $9.99
WAGHBAKRI TEA $10.99 EA Reg $12.99 1kg
VADHIYA MUSTRAD OIL $9.99 EA Reg $12.99 2 ltr
NANAK DESI GHEE $25.99 EA Reg $29.99 1.6kg
SAVERA DESI GHEE $24.99 EA Reg $29.99 1.6kg
SAVERA RASMALAI $7.99 EA Reg $9.99
HR FAMILY PACK Tandoori & Garlic Naan $5.99 EA Reg $8.99 15Pcs
DEEP KESAR MANGO PULP $3.49 EA Reg $4.49
POPULAR SAMOSA $2.49 EA Reg $3.99 400g
BR SUJI RUSK / MILK RUSK $1.99 EA Reg $2.79 305g
POPULAR PARATHA $7.99 EA Reg $9.99 25Pcs
SAVERA KHOYA $5.99 EA Reg $7.99 341g
PARLE G BISCUITS $1.29 EA Reg $1.79 300g
BR EGGLESS CAKE $2.99 EA Reg $4.49 550g
HALDIRAM PARATHA & NAAN $1.49 Reg $2.49 360g/400G
TONIKA MUSTARD OIL $2.99 EA Reg $3.99 500ml
BIKANERI COOKIES $6.49 EA Reg $7.99 2.5Lb
DEEP SPICY BURGER $3.29 EA Reg $3.99 400g
BR GOODDDAY COOKIES 3 For $2.00 EA Reg $1.29 75g
POPULAR PARATHA $3.29 Reg $3.99 960g
PAKISTANI ROOHAFZA $4.49 EA Reg $5.99
ALMOND $5.49 Reg $6.99 per/Lb
THAKAR TANDOORI & GARLIC NAAN $2.29 EA Reg $3.49
THAKAR VEG MOMOS $10.99 EA Reg $12.99 800g
RED LENTIL $4.99 EA Reg $6.99 4Lb
DEEP PATRA $2.99 EA Reg $3.99
ASIAN KALA CHANA $4.99 EA Reg $6.99 4Lb
AFC MUMRA $7.99 EA Reg $9.99 4Lb
REGAL ASST SNACKS $2.99 +TAX EA Reg $3.99 375g
ASIAN CORN POHA $1.29 EA Reg $1.99 200g
Laxmi Besan $4.99 EA Reg $5.99 4Lb
REGAL NAN KHATIE $2.99 EA Reg $3.99
REGAL CAKE RUSK $4.29 EA Reg $4.99 630g
FROOT FULL ASST JUICE $1.29 EA Reg $1.79 250ml
DEEP FAFDA/ MATHIA $1.49 EA Reg $2.29 200g
DEEP ALOO HOMESTYLE METHI MIX PARATHA $2.99 EA Reg $3.99 350g 400g
ETOBICOKE 10 Westmore Dr. 416-740-3262 MEAT SHOP AVAILABLE
MISSISSAUGA 1075 Ceremonial Dr 905-502-1600 MEAT SHOP AVAILABLE
BRAMPTON 621 Wanless Dr. 905-495-3336 MEAT SHOP AVAILABLE
BRAMPTON 2120 N Park Dr. 905-793-1338 MEAT SHOP AVAILABLE
BRAMPTON 80 Pertosa Dr. 905-460-0009
BRAMPTON 40 Airport Rd. 905-794-8109 MEAT SHOP AVAILABLE
BRAMPTON 10510 Torbram Rd.
BRAMPTON 10 Pannahill Dr. 905-913-8017 MEAT SHOP AVAILABLE
GULEPH 340 Woodlawn Rd. 226-669-0004 MEAT SHOP AVAILABLE
TOLL FREE 1-800-708-9232
We reserve the right to limit the quantity. Prices subject to change without notice, while supplies last. Product images are for illustration purpose only. Design & Print by InfoTech Media


HARDEEP GREWAL
MEMBER OF PROVINCIAL PARLIAMENT
BRAMPTON EAST
ਆਪ ਜੀ ਨੂੰ
'ਦੀਵਾਲੀ'
ਅਤੇ
'ਬੰਦੀ ਛੋੜ ਦਿਵਸ'
ਦੀਆਂ ਲੱਖ ਲੱਖ ਵਧਾਈਆਂ
"Wishing you and your family a very
Happy Diwali and year filled with
good health, happiness and prosperity!"
HAPPY DIWALI & BANDI CHHOR DIVAS!
HARDEEP.GREWAL@PC.OLA.ORG
HARDEEP_GREWAL
HARDEEP GREWAL
HARDEEPGREWAL_
Address: 1 Gateway Blvd, Unit #307, Brampton, ON L6T 0G3 | 905-799-3939


Happy Diwali
FESTIVAL
ਆਪ ਅਤੇ ਆਪ ਜੀ ਦੇ ਪਰਿਵਾਰ ਨੂੰ
'ਦੀਵਾਲੀ' ਅਤੇ 'ਬੰਦੀ ਛੋੜ ਦਿਵਸ'
ਦੀਆਂ ਲੱਖ ਲੱਖ ਵਧਾਈਆਂ ਜੀ ।
PRABMEET SARKARIA
MEMBER OF PROVINCIAL PARLIAMENT
BRAMPTON SOUTH
7700 Hurontario Street, Unit 412A, Brampton, ON L6Y 4M3 | 905.796.8669